
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ


VOL -10 ISSUE - 46
Feburary 23, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਕੈਲੇਫੋਰਨੀਆ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਦਿਹਾੜਿਆਂ ਦੀ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 25, 26 ਅਤੇ 27 ਫਰਵਰੀ 2022 ਨੂੰ ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਰਵਿਦਾਸ, ਸੇਲਮਾ ਵਿਖੇ ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 4, 5, 6 ਮਾਰਚ 2022 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਇਸ ਲੜੀ ਤਹਿਤ 11, 12, 13 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਗੁਰਪਰਬ ਮਨਾਇਆ ਜਾ ਰਿਹਾ ਹੈ।

27 ਮਾਰਚ 2022 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ 10 ਅਪ੍ਰੈਲ 2022 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

# ਇਸ ਵਾਰ ਨਹੀਂ ਮਿਲੇਗਾ ਕਿਸੇ ਪਾਰਟੀ ਨੂੰ ਬਹੁਮਤ

## ਪੰਜਾਬ ਚੋਣਾਂ ਤੋਂ ਬਾਅਦ ਆਏ ਚੋਣ ਸਰਵੇਖਣਾਂ ਕਾਰਨ ਦੁਚਿਤੀ ਵਧੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਚੋਣਾਂ 2022 ਹੋ ਚੁੱਕੀਆਂ ਹਨ ਅਤੇ ਲੋਕਾਂ ਨੇ ਆਪਣਾ ਫਤਵਾ ਦੇ ਦਿੱਤਾ ਹੈ। ਉਮੀਦਵਾਰਾਂ ਦੀ ਕਿਸਮਤ ਈਵੀਐਮ ਮਸ਼ੀਨਾਂ 'ਚ ਕੈਦ ਹੋ ਚੁੱਕੀ ਹੈ। ਆਉਂਦੀ 10 ਮਾਰਚ ਨੂੰ ਖੁੱਲ੍ਹਣ ਉਪਰੰਤ ਹੀ ਪਤਾ ਲੱਗੇਗਾ ਕਿ ਕਿਸ ਪਾਰਟੀ ਦੀ ਸਰਕਾਰ ਬਣਦੀ ਹੈ। ਸੂਬੇ ਅੰਦਰ ਅਸਿਥਰਤਾ ਰਹੇਗੀ ਜਾਂ ਫਿਰ ਰਾਸ਼ਟਰਪਤੀ ਰਾਜ ਲੱਗਦਾ ਹੈ। ਹੁਣ ਤੱਕ ਆਏ ਚੋਣ ਸਰਵੇਖਣਾਂ ਨੇ ਪੰਜਾਬ ਦੀ ਭਵਿੱਖੀ ਸਰਕਾਰ ਬਾਰੇ ਸਥਿਤੀ ਪੂਰੀ ਤਰ੍ਹਾਂ ਭਰਮਾ ਦਿੱਤੀ ਹੈ। ਕੁਝ ਚੋਣ ਸਰਵੇਖਣ ਜਿੱਤੇ ਆਮ ਆਦਮੀ ਪਾਰਟੀ ਨੂੰ ਵੱਡੀ ਪਾਰਟੀ ਵਜੋਂ ਉਭਰਨ ਦੇ ਸੰਕੇਤ ਦੇ ਰਹੇ ਹਨ ਤਾਂ ਕੁਝ ਸਰਵੇਖਣ ਕਾਂਗਰਸ ਨੂੰ ਸਭ ਤੋਂ ਵੱਡੀ ਧਿਰ ਵਜੋਂ ਸਾਹਮਣੇ ਆਉਣ ਦੀ ਪੇਸ਼ੀਨਗੋਈ ਕਰ ਰਹੇ ਹਨ।

ਹਾਲਾਂਕਿ ਇਕ ਚੋਣ ਸਰਵੇਖਣ ਨੂੰ ਅਕਾਲੀ-ਬਸਪਾ ਗੱਠਜੋੜ ਨੂੰ ਵੀ ਸਭ ਤੋਂ ਵੱਡੀ ਧਿਰ ਵਜੋਂ ਸਾਹਮਣੇ ਆਉਣ ਦੀ ਕਿਆਸ-ਅਰਾਈ ਲਗਾਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਅਤੇ ਭਾਜਪਾ ਦੇ ਲਈ ਸਾਰੇ ਸਰਵੇਖਣ ਜ਼ਿਆਦਾ ਵੱਡੀ ਥਾਂ ਨਹੀਂ ਦੇ ਰਹੇ ਅਤੇ ਕਿਸਾਨਾਂ ਦੀ ਪਾਰਟੀ ਨੂੰ ਵੀ ਇਕ ਜਾਂ ਦੋ ਸੀਟ ਮਿਲਦੀ ਦਿਖਾਈ ਜਾ ਰਹੀ ਹੈ।

ਖੇਤੀ ਕਾਨੂੰਨ ਰੱਦ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਇਕ ਦਮ ਵਿਧਾਨ ਸਭਾ ਚੋਣਾਂ 'ਚ ਐਂਟਰੀ ਮਾਰਦਿਆਂ ਹੁਣ ਤੋਂ ਹੀ ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਲਈ ਪੰਜਾਬ ਦੇ ਲੋਕਾਂ ਦੀ ਨਬਜ਼ ਟਟੋਲੀ ਹੈ, ਜਿਸ ਤੋਂ ਭਾਜਪਾ ਪੰਜਾਬ 'ਚ ਇਕੱਲਿਆਂ ਚੋਣ ਲੜਨ ਲਈ ਟ੍ਰਾਇਲ ਦੇ ਰੂਪ 'ਚ ਦੇਖ ਰਹੀ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਅੰਦਰ ਲੋਕਾਂ ਨੂੰ ਕੇਂਦਰ ਦੀਆਂ ਸਕੀਮਾਂ ਅਤੇ ਹੋਰ ਲੋਕ-ਲੁਭਾਊ ਸਕੀਮਾਂ ਪੰਜਾਬ ਅੰਦਰ ਵੀ ਲਾਗੂ ਕਰਨ ਲਈ ਵਾਅਦਿਆਂ ਦੀ ਝੜੀ ਲਗਾ ਦਿੱਤੀ ਹੈ ਕਿਉਂਕਿ ਪੰਜਾਬ ਦਾ ਖਜ਼ਾਨਾ ਖ਼ਾਲੀ ਹੋਣ ਦੀ ਹਾਲ-ਦੁਹਾਈ ਪਾਈ ਗਈ, ਜਦੋਂ ਚੋਣਾਂ ਦਾ ਬਿਗੁਲ ਵੱਜਿਆ ਤਾਂ ਖਜ਼ਾਨੇ ਦਾ ਮੂੰਹ ਖੋਲ੍ਹ ਦਿੱਤਾ ਅਤੇ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ, ਜਿਸ ਕਾਰਨ ਮੁੱਖ ਮੰਤਰੀ ਚਰਨਜੀਤ ਸਿੰਘ ਨੂੰ ਸੋਸ਼ਲ ਮੀਡੀਆ 'ਤੇ 'ਐਲਾਨਜੀਤ' ਮੁੱਖ ਮੰਤਰੀ ਹੋਣ ਦਾ ਵੀ ਚਰਚਾ ਬਣਿਆ ਰਿਹਾ।

ਪੰਜਾਬ ਅੰਦਰ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗਠਜੋੜ ਵੀ ਮੁੱਖ ਮੁਕਾਬਲੇ 'ਚ ਸਨ, ਜਿਨ੍ਹਾਂ ਨੂੰ ਪਛਾੜਨ ਲਈ ਭਾਜਪਾ ਇਕੱਲਿਆਂ ਨਾ-ਕਾਫੀ ਸੀ ਤਾਂ ਕਰਕੇ ਕੈਪਟਨ ਅਮਰਿੰਦਰ ਸਿੰਘ ਤੇ ਸੁਖਦੇਵ ਸਿੰਘ ਢੀਂਡਸਾ ਦਾ ਸਹਾਰਾ ਲਿਆ ਗਿਆ। ਇੰਨਾ ਹੀ ਨਹੀਂ, ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋਣਾ ਵੀ ਰਾਜਸੀ ਪੈਂਤੜਿਆਂ 'ਚੋਂ ਇੱਕ ਗਿਣਿਆ ਜਾ ਸਕਦਾ ਹੈ। ਦੂਜੇ ਪਾਸੇ ਚੋਣਾਂ ਤੋਂ ਐਨ ਪਹਿਲਾਂ ਸਮੁੱਚੀਆਂ ਨਾਮੀ ਸਿੱਖ ਸ਼ਖਸੀਅਤਾਂ ਨੂੰ ਪ੍ਰਧਾਨ ਮੰਤਰੀ ਰਿਹਾਇਸ਼ ਵਿਖੇ ਖਾਣੇ 'ਤੇ ਬੁਲਾ ਕੇ ਵਿਚਾਰ-ਚਰਚਾ ਕਰਨਾ ਵੀ ਚਰਚਾ ਦਾ ਵਿਸ਼ਾ ਬਣਿਆ ਰਿਹਾ। ਭਾਜਪਾ ਨੇ ਹੁਣ ਤੋਂ ਹੀ ਪੰਜਾਬ ਅੰਦਰ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਮੋਰਚਾ ਖ਼ੁਦ ਸੰਭਾਲ ਲਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਅੰਦਰ ਪਾਰਟੀ ਵਿੰਗ ਸਥਾਪਿਤ ਕਰ ਕੇ ਸੰਗਠਨ ਨੂੰ ਮਜ਼ਬੂਤ ਕੀਤਾ ਜਾਵੇਗਾ। ਕਾਨੂੰਨੀ ਤੋਂ ਲੈ ਕੇ ਜੋ ਵੀ ਮਸਲੇ ਕੇਂਦਰ ਲੀਡਰਸ਼ਿਪ ਕੋਲ ਰੱਖੇ ਗਏ ਹਨ, ਜਿਨ੍ਹਾਂ 'ਚ ਬੰਦੀ ਸਿੱਖਾਂ ਦੀ ਰਿਹਾਈ, ਸਮੁੱਚੀਆਂ ਫ਼ਸਲਾਂ ਦੀ ਐਮਐਸਪੀ, ਕੇਂਦਰੀ ਵਿਭਾਗਾਂ 'ਚ ਭਰਤੀ ਕੋਟਾ ਵਧਾਉਣਾ ਆਦਿ ਹੋਰ ਮੰਗਾਂ 'ਤੇ ਹੁਣ ਤੋਂ ਹੀ ਮੰਥਨ ਸ਼ੁਰੂ ਹੋ ਚੁੱਕਾ ਹੈ।

ਵਿਧਾਨ ਸਭਾ ਚੋਣਾਂ 'ਚ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ 2 ਤੋਂ ਵੱਧ ਪਾਰਟੀਆਂ ਵੱਲੋਂ ਚੋਣ ਲੜਨ ਕਾਰਨ ਮਾਮਲਾ ਗੁੰਝਲਦਾਰ ਬਣ ਗਿਆ ਹੈ। ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਮਿਲ ਗਿਆ ਤਾਂ ਸਥਿਰ ਸਰਕਾਰ ਬਣੇਗੀ ਅਤੇ ਜੇਕਰ ਸਪੱਸ਼ਟ ਬਹੁਮਤ ਨਾ ਮਿਲਿਆ ਤਾਂ ਅਸਥਿਰ ਸਰਕਾਰ ਬਣ ਸਕਦੀ ਹੈ ਅਤੇ ਉਹ ਸਰਕਾਰ ਕਿੰਨੀ ਦੇਰ ਚੱਲੇਗੀ, ਇਹ ਤਾਂ ਸਮਾਂ ਹੀ ਦੱਸੇਗਾ। ਜੇਕਰ ਅਸਥਿਰ ਸਰਕਾਰ ਬਣੀ ਅਤੇ ਮੁੜ ਟੁੱਟ ਗਈ ਤੇ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਤਾਂ ਨਵੀਂ ਚੋਣ ਕਰਵਾਉਣ ਲਈ ਅਰਬਾਂ ਰੁਪਏ ਦਾ ਬੋਝ ਟੈਕਸਾਂ ਦੇ ਰੂਪ 'ਚ ਲੋਕਾਂ 'ਤੇ ਥੋਪ ਦਿੱਤਾ ਜਾਵੇਗਾ। ਲੋਕ ਸਭਾ 2024 ਦੀਆਂ ਚੋਣਾਂ ਤੱਕ ਰਾਸ਼ਟਰਪਤੀ ਰਾਜ ਰੱਖ ਕੇ ਇੱਕੋ ਸਮੇਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾਈਆਂ ਜਾਣ ਦੀ ਵੀ ਚਰਚਾ ਸੁਣਨ ਨੂੰ ਮਿਲੀ ਹੈ।




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
facebook rajasweetsandcatering
Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਰੂਸ ਨੂੰ ਆਪਣੇ ਕੀਤੇ ਦੀ ਕੀਮਤ ਚੁਕਾਉਣੀ ਪਵੇਗੀ-ਜੋ ਬਾਈਡਨ

## ਰੂਸ ਉਪਰ ਆਰਥਕ ਪਾਬੰਦੀਆਂ ਲਾਉਣ ਦਾ ਕੀਤਾ ਐਲਾਨ, ਰੂਸੀ ਨਾਗਰਿਕਾਂ 'ਤੇ ਵੀ ਲਾਈਆਂ ਰੋਕਾਂ

**ਸੈਕਰਾਮੈਂਟੋ 23 ਫਰਵਰੀ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਜੋ ਬਾਈਡਨ ਨੇ ਯੁਕਰੇਨ ਉਪਰ ਹਮਲੇ ਨੂੰ ਲੈ ਕੇ ਰੂਸ ਵਿਰੁੱਧ ਵਿੱਤੀ ਪਾਬੰਦੀਆਂ ਲਾਉਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਮਾਸਕੋ ਨੂੰ ਆਪਣੇ ਕੀਤੇ ਦੀ ਕੀਮਤ ਚੁਕਾਉਣੀ ਪਵੇਗੀ। ਬਾਈਡਨ ਨੇ ਕਿਹਾ ਹੈ ਕਿ ਜੇਕਰ ਰੂਸ ਯੁਕਰੇਨ 'ਤੇ ਆਪਣੀ ਹਮਲਾਵਰ ਕਾਰਵਾਈ ਜਾਰੀ ਰਖਦਾ ਹੈ ਤਾਂ ਉਸ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਉਨਾਂ ਨੇ ਰੂਸ ਦੀਆਂ ਦੋ ਵੱਡੀਆਂ ਵਿੱਤੀ ਸੰਸਥਾਵਾਂ ਉਪਰ ਮੁਕੰਮਲ ਪਾਬੰਦੀ ਲਾਉਣ ਦਾ ਐਲਾਨ ਕੀਤਾ ਤੇ ਇਸ ਦੇ ਨਾਲ ਹੀ ਸੁਤੰਤਰ ਕਰਜਾ ਵਿਵਸਥਾ ਵੀ ਠੱਪ ਕਰਨ ਦਾ ਐਲਾਨ ਕੀਤਾ। ਬਾਈਡਨ ਨੇ ਕਿਹਾ ਕਿ ਇਸ ਦਾ ਮਤਲਬ ਇਹ ਹੈ ਕਿ ਅਸੀਂ ਰੂਸ ਦੀ ਸਰਕਾਰ ਨੂੰ ਪੱਛਮੀ ਵਿੱਤੀ ਵਿਵਸਥਾ ਨਾਲੋਂ ਅਲੱਗ ਥਲੱਗ ਕਰ ਦਿੱਤਾ ਹੈ। ਰੂਸ ਪੱਛਮ ਤੋਂ ਪੈਸਾ ਨਹੀਂ ਜੁਟਾ ਸਕੇਗਾ ਤੇ ਨਾ ਹੀ ਉਹ ਸਾਡੀਆਂ ਮੰਡੀਆਂ ਜਾਂ ਯੂਰਪੀ ਮੰਡੀਆਂ ਵਿਚ ਨਵੀਂ ਕਰਜਾ ਵਿਵਸਥਾ ਤਹਿਤ ਵਪਾਰ ਕਰ ਸਕੇਗਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਰੂਸ ਦੇ ਉੱਚ ਵਰਗ ਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਉਪਰ ਵੀ ਪਾਬੰਦੀਆਂ ਲਾਈਆਂ ਜਾਣਗੀਆਂ ਤੇ ਇਹ ਪਾਬੰਦੀਆਂ ਬੁੱਧਵਾਰ ਤੋਂ ਲਾਗੂ ਹੋ ਜਾਣਗੀਆਂ। ਬਾਈਡਨ ਨੇ ਕਿਹਾ ਕਿ ਰੂਸੀ ਨਾਗਰਿਕ ਕਰੈਮਲਿਨ ਨੀਤੀਆਂ ਦੀਆਂ ਭ੍ਰਿਸ਼ਟ ਢੰਗ ਤਰੀਕੇ ਨਾਲ ਪ੍ਰਾਪਤੀਆਂ ਉਪਰ ਖੁਸ਼ੀ ਪ੍ਰਗਟਾਉਂਦੇ ਹਨ ਇਸ ਲਈ ਉਨਾਂ ਨੂੰ ਦੁੱਖਾਂ ਵਿਚ ਵੀ ਬਰਾਬਰ ਦੇ ਹਿ-ੱਸੇਦਾਰ ਬਣਨਾ ਪਵੇਗਾ। ਬਾਈਡਨ ਨੇ ਕਿਹਾ ਕਿ ਉਹ



ਪਹਿਲਾਂ ਹੀ ਯੂਰਪ ਵਿਚ ਅਮਰੀਕੀ ਫੋਰਸਾਂ ਦੀ ਹੋਰ ਸਰਗਰਮੀ ਲਈ ਆਦੇਸ਼ ਦੇ ਚੁੱਕੇ ਹਨ। ਉਨਾਂ ਕਿਹਾ ਕਿ ਅਸੀਂ ਠੋਸ ਸੁਨੇਹਾ ਦੇਣਾ ਚਹੁੰਦੇ ਹਾਂ ਕਿ ਅਮਰੀਕਾ ਆਪਣੇ ਮਿੱਤਰ ਦੇਸ਼ਾਂ ਨਾਲ ਮਿਲ ਕੇ ਨਾਟੋ ਖੇਤਰ ਦੇ ਇਕ -ਇਕ ਇੰਚ ਦੀ ਰਾਖੀ ਕਰੇਗਾ ਤੇ ਉਸ ਨੂੰ ਹੋਰ ਕਿਸੇ ਨੂੰ ਹਥਿਆਉਣ ਨਹੀਂ ਦੇਵੇਗਾ। ਬਾਈਡਨ ਨੇ ਯੂਰਪੀ ਸਾਥੀਆਂ ਨੂੰ ਇਕਜੁੱਟ ਰਹਿਣ ਲਈ ਕਿਹਾ। ਇਥੇ ਜਿਕਰਯੋਗ ਹੈ ਕਿ ਅਫਗਾਨਿਸਤਾਨ ਵਿਚੋਂ ਅਮਰੀਕੀ ਫੋਰਸਾਂ ਕੱਢਣ ਤੋਂ ਬਾਅਦ ਲੋਕਪ੍ਰਿਯਤਾ ਵਿਚ ਆਈ ਕਮੀ ਉਪਰੰਤ ਯੁਕਰੇਨ ਘਟਨਾਕ੍ਰਮ ਨੇ ਰਾਸ਼ਟਰਪਤੀ ਬਾਈਡਨ ਲਈ ਨਵੀਂ ਚੁਣੌਤੀ ਖੜੀ ਕਰ ਦਿੱਤੀ ਹੈ।

ਇਹ ਵੀ ਸੱਚਾਈ ਹੈ ਕਿ ਜੇਕਰ ਯੁਕਰੇਨ ਦਾ ਮਾਮਲਾ ਕੂਟਨੀਤਿਕ ਢੰਗ ਤਰੀਕੇ ਨਾਲ ਹੱਲ ਨਹੀਂ ਹੁੰਦਾ ਤੇ ਫੌਜੀ ਟਕਰਾਅ ਹੁੰਦਾ ਹੈ ਤਾਂ ਇਸ ਨਾਲ ਯੂਰਪ ਵਿਚ ਅਸਥਿੱਰਤਾ ਆਵੇਗੀ ਤੇ ਵਿਸ਼ਵ ਅਰਥ ਵਿਵਸਥਾ ਵੀ ਬੁਰੀ

# 2017 ਨਾਲੋਂ ਹੋਈ ਘੱਟ ਵੋਟਿੰਗ ਨੇ ਉਲਝਾਏ ਪੰਜਾਬ ਚੋਣਾਂ ਦੇ ਅਨੁਮਾਨ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ ਚੋਣਾਂ ਲਈ ਐਤਵਾਰ 20 ਫਰਵਰੀ ਨੂੰ ਇੱਕ ਪੜਾਅ ਵਿੱਚ ਸਾਰੀਆਂ 117 ਸੀਟਾਂ ਲਈ ਵੋਟਾਂ ਪਈਆਂ। ਭਾਰਤੀ ਚੋਣ ਕਮਿਸ਼ਨ ਦੇ ਅਨੁਸਾਰ, ਇਸ ਵਾਰ ਰਾਜ ਵਿੱਚ ਲਗਭਗ 65.50% ਵੋਟਿੰਗ ਦਰਜ ਕੀਤੀ ਗਈ ਹੈ। ਸੂਬੇ ਵਿੱਚ 2002 ਤੋਂ ਬਾਅਦ ਅਜਿਹੀ ਸਥਿਤੀ ਪੈਦਾ ਹੋਈ ਹੈ। ਉਸ ਸਮੇਂ ਪੰਜਾਬ ਵਿੱਚ 65.14% ਵੋਟਿੰਗ ਹੋਈ ਸੀ। ਇਸ ਤੋਂ ਬਾਅਦ 2007 ਵਿੱਚ 75.42%, 2012 ਵਿੱਚ 78.3% ਅਤੇ 2017 ਵਿੱਚ 77.63% ਸੀ।

ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੋਟਿੰਗ ਨੂੰ ਲੈ ਕੇ ਕੁਝ ਆਮ ਧਾਰਨਾਵਾਂ ਹਨ। ਉਦਾਹਰਣ ਵਜੋਂ, ਜੇਕਰ ਜ਼ਿਆਦਾ ਵੋਟਿੰਗ ਹੁੰਦੀ ਹੈ, ਤਾਂ ਇਸ ਨੂੰ ਲਹਿਰ ਦਾ ਸੰਕੇਤ ਮੰਨਿਆ ਜਾਂਦਾ ਹੈ। ਇਹ ਲਹਿਰ ਕਿਸੇ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਹੋ ਸਕਦੀ ਹੈ। ਇਸ ਦੇ ਉਲਟ ਘੱਟ ਮਤਦਾਨ ਦਾ ਅਰਥ ਵੋਟਰਾਂ ਦੀ ਬੇਰੁਖ਼ੀ ਤੋਂ ਲਿਆ ਗਿਆ ਹੈ।

ਯਾਨੀ ਕਿ ਇਸ ਮਾਪਦੰਡ ਅਤੇ ਕੁੱਲ ਵੋਟਿੰਗ ਦੇ ਆਧਾਰ 'ਤੇ ਇਕ ਗੱਲ ਤਾਂ ਸਪੱਸ਼ਟ ਹੈ ਕਿ ਸਾਰੀਆਂ ਪਾਰਟੀਆਂ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਵਿਚ ਕਿਸੇ ਦੇ ਹੱਕ ਵਿਚ ਜਾਂ ਕਿਸੇ ਦੇ ਵਿਰੁੱਧ ਲਹਿਰ ਵਰਗੀ ਸਥਿਤੀ ਨਹੀਂ ਹੈ। ਹਾਲਾਂਕਿ, ਸੀਟ-ਦਰ-ਸੀਟ ਜਾਂ ਖੇਤਰ-ਵਾਰ, ਕੁਝ ਹੋਰ ਦਿਲਚਸਪ ਸਥਿਤੀਆਂ ਯਕੀਨੀ ਤੌਰ 'ਤੇ ਦਿਖਾਈ ਦਿੰਦੀਆਂ ਹਨ। ਇਸ ਇਸੇ ਲਈ ਇਨ੍ਹਾਂ ਦੇ ਆਧਾਰ 'ਤੇ ਤਾਂ ਇਹੀ ਲੱਗਦਾ ਹੈ ਕਿ ਇਸ ਵਾਰ ਪੰਜਾਬ ਦੇ ਵੋਟਰਾਂ ਨੇ ਕੋਈ ਸਪੱਸ਼ਟ ਸਟੈਂਡ ਨਹੀਂ ਲਿਆ।ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਖੁਦ ਨੂੰ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਵਜੋਂ ਪੇਸ਼ ਕਰ ਰਹੇ ਹਨ।

ਇਸ ਦੇ ਬਾਵਜੂਦ ਕਿ ਕਾਂਗਰਸ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੋਣਾਂ ਵਿੱਚ ਪਾਰਟੀ ਦਾ ਚਿਹਰਾ ਐਲਾਨ ਦਿੱਤਾ ਸੀ, ਫਿਰ ਵੀ। ਹਾਲਾਂਕਿ ਵੋਟਿੰਗ ਦੇ ਲਿਹਾਜ਼ ਨਾਲ ਖਾਸ ਗੱਲ ਇਹ ਰਹੀ ਕਿ ਸਿੱਧੂ ਦੀ ਸੀਟ 'ਤੇ ਵੋਟਰਾਂ ਨੇ ਕੋਈ ਉਤਸ਼ਾਹ ਨਹੀਂ ਦਿਖਾਇਆ। ਅੰਮ੍ਰਿਤਸਰ-ਪੂਰਬੀ ਤੋਂ ਸਿੱਧੂ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੂੰ ਟੱਕਰ ਦੇ ਰਹੇ ਹਨ। ਇਸ ਸੀਟ 'ਤੇ ਮਤਦਾਨ ਸਿਰਫ 53% ਦੇ ਕਰੀਬ ਹੈ। ਦੂਜੇ ਪਾਸੇ ਚਮਕੌਰ ਸਾਹਿਬ ਅਤੇ ਭਦੌੜ ਤੋਂ ਚਰਨਜੀਤ ਸਿੰਘ ਚੰਨੀ ਚੋਣ ਮੈਦਾਨ ਵਿੱਚ ਹਨ।

ਉਨ੍ਹਾਂ ਦੀਆਂ ਸੀਟਾਂ 'ਤੇ ਕ੍ਰਮਵਾਰ ਲਗਭਗ 70% ਅਤੇ 71.30% ਵੋਟਿੰਗ ਦਰਜ ਕੀਤੀ ਗਈ ਹੈ। ਇਨ੍ਹਾਂ ਵਿੱਚੋਂ ਕੇਵਲ ਚੰਨੀ 2017 ਵਿੱਚ ਚਮਕੌਰ ਸਾਹਿਬ ਤੋਂ ਜਿੱਤੇ ਸਨ। ਜਦੋਂਕਿ ਭਦੌੜ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਜੇਤੂ ਰਹੇ ਸਨ।

ਇਸ ਵਾਰ 'ਆਪ' ਨੂੰ ਪੰਜਾਬ 'ਚ ਸਰਕਾਰ ਬਣਾਉਣ ਦੀ ਉਮੀਦ ਹੈ। ਉਨ੍ਹਾਂ ਨੇ ਭਗਵੰਤ ਮਾਨ ਨੂੰ ਆਪਣਾ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਵੀ ਐਲਾਨ ਦਿੱਤਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿੱਚ ਆਪ ਦਾ ਚੰਗਾ ਖਾਸ ਪ੍ਰਭਾਵ ਮੰਨਿਆ ਜਾਂਦਾ ਹੈ। 2017 ਵਿੱਚ ਪਾਰਟੀ ਨੇ ਇੱਥੋਂ 20 ਸੀਟਾਂ ਜਿੱਤੀਆਂ ਸਨ। ਇਸ ਖੇਤਰ ਵਿੱਚ 69 ਸੀਟਾਂ ਹਨ। ਇਨ੍ਹਾਂ ਸੀਟਾਂ 'ਤੇ 2017 'ਚ 81.1 ਫੀਸਦੀ ਵੋਟਿੰਗ ਹੋਈ ਸੀ। ਪਰ ਇਸ ਵਾਰ 69.33% ਦੇ ਕਰੀਬ ਵੋਟਿੰਗ ਦੇ ਅੰਕੜੇ ਦਰਜ ਕੀਤੇ ਗਏ ਹਨ। ਇੰਨਾ ਹੀ ਨਹੀਂ ਭਗਵੰਤ ਮਾਨ ਦੀ ਧੂਰੀ ਸੀਟ 'ਤੇ ਵੀ ਵੋਟਿੰਗ 68 ਫੀਸਦੀ ਦੇ ਕਰੀਬ ਰਹੀ ਹੈ।

ਇਹ ਸਥਿਤੀ ਵੀ ਦਿਲਚਸਪ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਪ੍ਰਕਾਸ਼ ਸਿੰਘ ਬਾਦਲ ਦਾ ਅਕਾਲੀ ਦਲ ਪੰਜਾਬ ਵਿੱਚ ਲੰਮੇ ਸਮੇਂ ਤੋਂ ਭਾਈਵਾਲ ਰਿਹਾ ਹੈ। ਹਾਲਾਂਕਿ ਇਸ ਵਾਰ ਦੋਵੇਂ ਵੱਖ-ਵੱਖ ਚੋਣ ਲੜ ਰਹੇ ਹਨ। ਭਾਜਪਾ ਇਸ ਸਮੇਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਹੈ, ਜੋ ਕਾਂਗਰਸ ਨਾਲੋਂ ਟੁੱਟ ਗਏ ਸਨ।

ਮਾਝਾ ਖੇਤਰ ਵਿੱਚ ਸੁਜਾਨਪੁਰ ਭਾਜਪਾ ਦੇ ਚੰਗੇ ਪ੍ਰਭਾਵ ਵਾਲੀ ਸੀਟ ਮੰਨੀ ਜਾਂਦੀ ਹੈ। ਇੱਥੇ ਇਸ ਵਾਰ 71.5% ਵੋਟਿੰਗ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਦੀ ਪਟਿਆਲਾ-ਸ਼ਹਿਰ ਸੀਟ 'ਤੇ 62.10 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ।

ਜਦਕਿ ਅਕਾਲੀ ਦਲ ਦੇ ਸੁਖਬੀਰ ਬਾਦਲ ਦੀ ਜਲਾਲਾਬਾਦ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਲੰਬੀ ਸੀਟ 'ਤੇ ਕ੍ਰਮਵਾਰ 77 ਫੀਸਦੀ ਅਤੇ 72.40 ਫੀਸਦੀ ਵੋਟਿੰਗ ਹੋਣ ਦਾ ਖੁਲਾਸਾ ਹੋਇਆ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ।
ਕੋਰੋਨਾ ਮਹਾਂਮਾਰੀ ਦੇ ਭਿਆਨਕ ਹੱਲਿਆਂ ਦੇ ਬਾਵਜੂਦ ਸੰਗਤ ਨੇ ਜਿਸ ਸ਼ਰਧਾ ਅਤੇ ਉਤਸ਼ਾਹ ਨਾਲ ਸਮਾਗਮ ਵਿਚ ਭਾਗ ਲਿਆ, ਉਸ ਲਈ ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਕੋਟਿਨ ਕੋਟਿ ਧੰਨਵਾਦ।



# Harmesh Bangar
# Shahkuntla Bangar
# Bangar Family


RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834





NSB Insurance

NIRMAL SINGH BADHAN



for Insurance Call:
NIRMAL SINGH BADHAN
707-228-2020
Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)






ਗੁਰੂ ਪਿਆਰੀ ਸਾਧ ਸੰਗਤ ਜੀ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 4, 5, 6 ਮਾਰਚ 2022 ਨੂੰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਹਿਬ - 4 ਮਾਰਚ 2022, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ - 5 ਮਾਰਚ 2022, 5 ਵਜੇ ਸ਼ਾਮੀ
ਭੋਗ ਸ੍ਰੀ ਅਖੰਡ ਪਾਠ ਸਾਹਿਬ - 6 ਮਾਰਚ 2022, ਸਵੇਰੇ 10 ਵਜੇ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

*ਡਾ. ਸਤਨਾਮ ਸਿੰਘ ਬੰਗੜ ਤੇ ਉਨ੍ਹਾਂ ਦੀ ਟੀਮ ਵੱਲੋਂ ਕੋਵਿਡ-19 ਦੇ ਟੀਕੇ ਲਗਾਏ ਜਾਣਗੇ ਜੋ ਪੰਜ ਸਾਲ ਅਤੇ ਉਪਰਲੀ ਉਮਰ ਦੇ ਮੁਫਤ ਲਗਵਾ ਸਕਣਗੇ ਅਤੇ ਇਸ ਮੌਕੇ ਬਲੱਡ ਕੈਂਪ ਵੀ ਲਗਾਇਆ ਜਾਵੇਗਾ।*

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:
**559-486-3091** 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਜਸਵਿੰਦਰ ਸਿੰਘ, ਸ੍ਰੀਮਤੀ ਸੁਖਵਿੰਦਰ ਕੌਰ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ। ਅਖੰਡ ਪਾਠ ਦੀ ਸੇਵਾ, ਕੀਰਤਨ ਸੇਵਾ ਅਤੇ ਲੰਗਰ ਸੇਵਾ ਤਿੰਨੋ ਦਿਨ ਗੁਰਮੁਖ ਪਰਿਵਾਰ ਸ੍ਰੀ ਰਾਜੇਸ਼ ਬੰਗੜ, ਰਾਮਪਾਲ ਬੱਧਣ, ਅੰਮ੍ਰਿਤਪਾਲ ਸਿੰਘ ਅਤੇ ਯਾਦਵਿੰਦਰ ਸਿੰਘ (ਸ਼ਿਕਾਗੋ ਪੀਜ਼ਾ ਵਾਲੇ) ਸਮੂਹ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ।

ਕੀਰਤਨੀ ਜਥਾ ਭਾਈ ਹਰਵਿੰਦਰ ਸਿੰਘ ਰਸੀਆ ਅਤੇ ਭਾਈ ਲਖਵੀਰ ਸਿੰਘ ਰਸੀਆ ਅਤੇ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਤੇ ਹੋਰ ਜਥੇ ਇਸ ਮੌਕੇ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

ਦੇਸ਼ ਦੁਆਬਾ

# 'ਸੰਯੁਕਤ ਰਾਜ ਅਮਰੀਕਾ 'ਚ ਰਾਸ਼ਟਰਪਤੀ ਦਿਵਸ ਦੀ ਮਹੱਤਤਾ'



ਪ੍ਰੋ: ਐਚ.ਐਲ.ਕਪੂਰ

**ਮਹਿਮਾਨ ਸੰਪਾਦਕੀ**

ਜਾਰਜ ਵਾਸ਼ਿੰਗਟਨ ਦਾ ਜਨਮ ਦਿਨ, ਸੰਯੁਕਤ ਰਾਜ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ, ਜਾਰਜ ਵਾਸ਼ਿੰਗਟਨ ਦੇ ਸਨਮਾਨ ਵਿਚ ਫਰਵਰੀ ਦੇ ਤੀਜੇ ਸੋਮਵਾਰ ਨੂੰ ਮਨਾਈ ਜਾਣ ਵਾਲੀ ਇਕ ਸੰਯੁਕਤ ਰਾਜ ਸੰਘੀ ਛੁੱਟੀ ਹੈ। ਵਧਦੀ ਹੋਈ, ਛੁੱਟੀ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਅਤੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੋਹਾਂ ਦੇ ਜਨਮ ਦਿਨ ਦਾ ਜਸ਼ਨ ਮਨਾਉਣ ਦਾ ਇਕ ਮੌਕਾ ਬਣ ਗਿਆ ਹੈ। ਬਹੁਤ ਸਾਰੇ ਅਮਰੀਕੀ ਛੁੱਟੀ ਨੂੰ ਰਾਸ਼ਟਰਪਤੀ ਦਿਵਸ ਕਹਿੰਦੇ ਹਨ।

ਜਾਰਜ ਵਾਸ਼ਿੰਗਟਨ ਦਾ ਜਨਮ 22 ਫਰਵਰੀ 1732 ਨੂੰ ਬਸਤੀਵਾਦੀ ਵਰਜੀਨੀਆ ਵਿਚ ਆਪਣੇ ਪਿਤਾ ਦੇ ਤੰਬਾਕੂ ਦੇ ਬਾਗ ਵਿਚ ਹੋਇਆ ਸੀ। ਉਸ ਨੇ ਵਰਜੀਨੀਆ ਸਰਹੱਦ 'ਤੇ ਇਕ ਸਰਵੇਖਣਕਾਰ ਵਜੋਂ ਕੰਮ ਕੀਤਾ ਅਤੇ ਫਿਰ ਵਰਜੀਨੀਆ ਮਿਲਿਸ਼ੀਆ ਵਿਚ ਇਕ ਪ੍ਰਮੁੱਖ ਬਣ ਗਿਆ।ਫ੍ਰੈਂਚ ਅਤੇ ਭਾਰਤੀ ਯੁੱਧ ਦੌਰਾਨ ਬਹਾਦਰੀ ਨਾਲ ਸੇਵਾ ਕਰਨ ਤੋਂ ਬਾਅਦ, ਉਹ ਆਪਣੇ ਪਰਿਵਰ ਦੇ ਵਰਜੀਨੀਆ ਘਰ, ਮਾਊਂਟ ਵਰਨਨ ਵਾਪਸ ਪਰਤਿਆ ਅਤੇ ਇਕ ਸਫਲ ਪਲਾਂਟਰ ਬਣ ਗਿਆ।

1775 ਵਿਚ ਜਦੋਂ ਉਪਨਿਵੇਸ਼ਾਂ ਅਤੇ ਗ੍ਰੇਟ ਬ੍ਰਿਟੇਨ ਵਿਚਕਾਰ ਸੁਤੰਤਰਤਾ ਲਈ ਅਮਰੀਕੀ ਯੁੱਧ ਸ਼ੁਰੂ ਹੋਇਆ ਤਾਂ ਵਾਸ਼ਿੰਗਟਨ ਨੂੰ ਮਹਾਂਦੀਪੀ ਕਾਂਗਰਸ ਦੁਆਰਾ ਸਰਬਸੰਮਤੀ ਨਾਲ ਮਹਾਂਦੀਪੀ ਸੈਨਾ ਦੇ ਕਮਾਂਡਰ ਦੇ ਰੂਪ ਵਿਚ ਚੁਣਿਆ ਗਿਆ ਸੀ। ਉਸ ਦੇ ਸੈਨਿਕਾਂ ਦੇ ਛੋਟੇ ਸਮੂਹ ਨੇ ਇਕ ਚੰਗੀ ਤਰ੍ਹਾਂ ਲੈਸ, ਪੇਸ਼ੇਵਰ ਫੌਜ ਦਾ ਸਾਹਮਣਾ ਕੀਤਾ, ਪਰ ਉਸ ਨੇ ਵਿਸ਼ਵਾਸਯੋਗ ਕਠਿਨਾਈਆਂ ਦੇ ਸਾਹਮਣੇ ਆਪਣੀ ਅਕਸਰ ਗੁੱਸੇ ਵਾਲੀਆਂ ਫੌਜਾਂ ਦੀ ਅਗਵਾਈ ਕੀਤੀ। ਬ੍ਰਿਟਿਸ਼ ਨੇ 1781 ਵਿਚ ਯਾਰਕਟਾਊਨ, ਵਰਜੀਨੀਆ ਵਿਚ ਸਮਰਪਣ ਕਰ ਦਿੱਤਾ।1776 ਵਿਚ, ਯੂ. ਐਸ. ਕਾਂਗਰਸ ਨੇ ਮਰਨ ਉਪਰੰਤ ਵਾਸ਼ਿੰਗਟਨ ਨੂੰ ਛੇ ਸਿਤਾਰਾ ਜਨਰਲ ਦੇ ਰੈਂਕ ਵਿਚ ਤਰੱਕੀ ਦਿੱਤੀ। ਇਹ ਭਰੋਸਾ ਦਿਵਾਇਆ ਕਿ ਉਹ ਹਮੇਸ਼ਾ ਲਈ ਫੌਜ ਦੇ ਬਾਕੀ ਦੇ ਸਾਰੇ ਮੈਂਬਰਾਂ ਨੂੰ ਪਛਾੜ ਦੇਵੇਗਾ।

ਵਾਸ਼ਿੰਗਟਨ ਨੇ ਆਪਣੀ ਫੌਜੀ ਜਿੱਤ ਦੇ ਸਮੇਂ ਰਾਜਨੀਤਿਕ ਸ਼ਕਤੀ ਦੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾ ਦੇਣ ਲਈ, ਲਗਭਗ ਵਿਸ਼ਵਵਿਆਪੀ ਸਤਿਕਾਰ ਦਾ ਆਨੰਦ ਮਾਣਿਆ। ਇਸ ਦੀ ਬਜਾਏ ਉਸਨੇ ਮਾਊਂਟ ਵਰਨਨ ਵਿਖੇ ਨਿੱਜੀ ਜੀਵਨ ਵਿਚ ਵਾਪਸ ਆਉਣਾ ਚੁਣਿਆ। 1787 ਵਿਚ ਉਸਨੇ ਅਮਰੀਕੀ ਸੰਵਿਧਾਨ ਦੀ ਲਿਖਤ ਦੀ ਪ੍ਰਧਾਨਗੀ ਕੀਤੀ ਅਤੇ ਇਕ ਵਾਰ ਇਸ ਦੀ ਪੁਸ਼ਟੀ ਹੋਣ ਤੋਂ ਬਾਅਦ ਉਹ ਸੰਯੁਕਤ ਰਾਜ ਦੇ ਪਹਿਲੇ ਰਾਸ਼ਟਰਪਤੀ ਬਣਨ ਲਈ ਸਰਬਸੰਮਤੀ ਨਾਲ ਚੋਣ ਬਣ ਗਿਆ। ਉਨ੍ਹਾਂ ਨੇ 1789 ਤੋਂ 1797 ਤੱਕ, ਦੋ ਚਾਰ ਸਾਲਾਂ ਦੇ ਕਾਰਜਕਾਲ ਦੀ ਸੇਵਾ ਕੀਤੀ। ਆਪਣੇ ਦੂਜੇ ਕਾਰਜਕਾਲ ਦੇ ਅੰਤ ਵਿਚ ਵਾਸ਼ਿੰਗਟਨ ਅਮਰੀਕਾ ਵਿਚ ਸਭ ਤੋਂ ਪ੍ਰਸਿੱਧ ਸ਼ਖਸੀਅਤ ਸੀ ਅਤੇ ਰਾਸ਼ਟਰਪਤੀ ਵਜੋਂ ਜਾਰੀ ਰਹਿ ਸਕਦੇ ਸਨ, ਪਰ ਉਨ੍ਹਾਂ ਨੇ ਸੱਤਾ ਤਿਆਗ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਉਤਰਾਧਿਕਾਰੀਆਂ ਲਈ ਇਕ ਮਿਸਾਲ ਕਾਇਮ ਕੀਤੀ।

ਅਬ੍ਰਾਹਮ ਲਿੰਕਨ: ਦਾ ਜਨਮ 12 ਫਰਵਰੀ, 1809 ਨੂੰ ਹੋਇਆ ਸੀ ਅਤੇ 1860 ਵਿਚ ਉਹ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਬਣੇ ਸਨ। ਰਾਸ਼ਟਰਪਤੀ ਦੇ ਰੂਪ ਵਿਚ ਉਨ੍ਹਾਂ ਨੇ ਇਕ ਮਹਾਨ ਸੰਵਿਧਾਨਕ, ਫੌਜੀ ਅਤੇ ਨੈਤਿਕ ਸੰਕਟ- ਅਮਰੀਕੀ ਘਰੇਲੂ ਯੁੱਧ (1861-1865) 15 ਵਿਚੋਂ 11 ਦੱਖਣੀ ਗੁਲਾਮੀ ਤੋਂ ਬਾਅਦ ਆਪਣੇ ਦੇਸ਼ ਦੀ ਅਗਵਾਈ ਕੀਤੀ। ਸੰਯੁਕਤ ਰਾਜ ਅਮਰੀਕਾ ਤੋਂ ਵੱਖ ਹੋ ਕੇ ਕਨਫਡਰੇਟ ਸਟੇਟਸ ਆਫ ਅਮਰੀਕਾ ਬਣਾਉਂਦੇ ਹਨ। 1 ਜਨਵਰੀ 1863 ਨੂੰ ਜਾਰੀ ਕੀਤਾ ਗਿਆ ਉਹਨਾਂ ਦਾ ਮੁਕਤੀ ਘੋਸ਼ਣਾ, ਸੰਘੀ ਰਾਜਾਂ ਵਿਚ ਅਜੇ ਵੀ ਵਿਦਰੋਹ ਵਿਚ ਗੁਲਾਮੀ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਘੋਸ਼ਣਾ ਨੇ ਯੁੱਧ ਨੂੰ ਰਾਜਾਂ ਦੇ ਅਧਿਕਾਰਾਂ ਦੇ ਸੰਘਰਸ਼ ਤੋਂ ਇਕ ਯੁੱਧ ਵਿਚ ਬਦਲ ਦਿੱਤਾ, ਜਿਸ ਦੇ ਉਦੇਸ਼ਾਂ ਵਿਚ ਗੁਲਾਮੀ ਦਾ ਵਿਨਾਸ਼ ਸ਼ਾਮਲ ਸੀ। ਲਿੰਕਨ ਦਾ ਮੰਨਣਾ ਸੀ ਕਿ ਗੁਲਾਮੀ ਦੇ ਅੰਤ ਨੂੰ ਯਕੀਨੀ ਬਣਾਉਣ ਲਈ ਇਕ ਸੰਵਿਧਾਨਕ ਸੋਧ ਜ਼ਰੂਰੀ ਸੀ ਅਤੇ ਉਹਨਾਂ ਨੇ ਸੰਵਿਧਾਨ ਦੀ 13ਵੀਂ ਸੋਧ ਨੂੰ ਪਾਸ ਕਰਨ ਦਾ ਸਮਰਥਨ ਕੀਤਾ, ਜੋ ਦਸੰਬਰ 1865 ਵਿਚ ਅਪਣਾਇਆ ਗਿਆ ਸੀ। ਲਿੰਕਨ ਨੂੰ 9 ਅਪ੍ਰੈਲ, 1865 ਨੂੰ ਇਕ ਸੰਘੀ ਹਮਦਰਦ ਦੁਆਰਾ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਦੋਵਾਂ ਰਾਸ਼ਟਰਪਤੀਆਂ ਦਾ ਸਨਮਾਨ: 22 ਫਰਵਰੀ ਨੂੰ 19ਵੀਂ ਸਦੀ ਦੇ ਅਮਰੀਕੀਆਂ ਦੁਆਰਾ ਛੁੱਟੀ ਵਜੋਂ ਮਨਾਇਆ ਜਾਂਦਾ ਸੀ। ਘੱਟੋ-ਘੱਟ ਇਕ ਦਰਜਨ ਰਾਜ ਅਧਿਕਾਰਤ ਤੌਰ 'ਤੇ ਫਰਵਰੀ ਦੇ ਤੀਜੇ ਸੋਮਵਾਰ ਨੂੰ 'ਵਾਸ਼ਿੰਗਟਨ ਅਤੇ ਲਿੰਕਨ ਦੇ ਜਨਮ ਦਿਨ' ਵਜੋਂ ਮਨਾਉਂਦੇ ਹਨ ਅਤੇ ਹੋਰ ਦਰਜਨ ਰਾਜ ਇਸ ਨੂੰ 'ਰਾਸ਼ਟਰਪਤੀ ਦਿਵਸ' ਕਹਿੰਦੇ ਹਨ। 1971 ਵਿਚ, ਕਾਂਗਰਸ ਨੇ ਲੰਮੇ ਛੁੱਟੀ ਵਾਲੇ ਵੀਕਐਂਡ ਬਣਾਉਣ ਲਈ ਸੋਮਵਾਰ ਨੂੰ ਵਾਸ਼ਿੰਗਟਨ ਦਾ ਜਨਮ ਦਿਨ ਅਤੇ ਕਈ ਹੋਰ ਛੁੱਟੀਆਂ ਤਹਿ ਕੀਤੀਆਂ।

ਜਿਨਾ ਜਾਰਜ ਵਾਸ਼ਿੰਗਟਨ ਅਤੇ ਅਬ੍ਰਾਹਮ ਲਿੰਕਨ ਦੋਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਸੰਘੀ ਛੁੱਟੀ ਅਧਿਕਾਰਤ ਤੌਰ 'ਤੇ ਵਾਸ਼ਿੰਗਟਨ ਦਾ ਜਨਮ ਦਿਨ ਰਹਿੰਦੀ ਹੈ। ਪਹਿਲੇ ਰਾਸ਼ਟਰਪਤੀ ਨੂੰ ਦੇਸ਼ ਭਰ ਵਿਚ ਕਈ ਬੁੱਤਾਂ ਅਤੇ ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਵਿਚ 555 ਫੁੱਟ ਉਚੇ ਵਾਸ਼ਿੰਗਟਨ ਸਮਾਰਕ ਨਾਲ ਵੀ ਸਨਮਾਨਿਤ ਕੀਤਾ ਜਾਂਦਾ ਹੈ। ਰਾਸ਼ਟਰਪਤੀ ਥਾਮਸ ਜੇਫਰਸਨ ਅਤੇ ਥੀਓਡੋਰ ਰੂਜ਼ਵੈਲਟ ਦੇ ਨਾਲ, ਜਾਰਜ ਵਾਸ਼ਿੰਗਟਨ ਅਤੇ ਅਬ੍ਰਾਹਮ ਲਿੰਕਨ ਦੋਹਾਂ ਦੀਆਂ ਸਮਾਨਤਾਵਾਂ ਦੱਖਣੀ ਡਕੋਟਾਂ ਵਿਚ ਮਾਊਂਟ ਰਸ਼ਮੋਰ ਉਤੇ ਪੱਥਰ ਵਿਚ ਉਕਰੀਆਂ ਗਈਅ ਹਨ।

ਇਹ ਛੁੱਟੀ ਉਸ ਜਰਨੈਲ ਨੂੰ ਸ਼ਰਧਾਂਜਲੀ ਵੀ ਹੈ, ਜਿਸ ਨੇ ਆਮ ਸਿਪਾਹੀ ਲਈ ਯੋਗਤਾ ਦਾ ਪਹਿਲਾ ਫੌਜੀ ਬੈਜ ਬਣਾਇਆ ਸੀ। 1932 ਵਿਚ ਜਾਰਜ ਵਾਸ਼ਿੰਗਟਨ ਦੇ 200ਵੇਂ ਜਨਮ ਦਿਨ 'ਤੇ ਮੁੜ ਸੁਰਜੀਤ ਕੀਤਾ ਗਿਆ, ਪਰਪਲ ਹਾਰਟ ਮੈਡਲ (ਜਿਸ ਵਿਚ ਜਾਰਜ ਵਸ਼ਿੰਗਟਨ ਦੀ ਤਸਵੀਰ ਹੈ) ਲੜਾਈ ਵਿਚ ਜ਼ਖਮੀ ਹੋਏ ਸੈਨਿਕਾਂ ਨੂੰ ਦਿੱਤਾ ਜਾਂਦਾ ਹੈ। ਜਿਵੇਂ ਕਿ ਮੈਮੋਰੀਅਲ ਡੇਅ ਅਤੇ ਵੈਟਰਨਜ਼ ਡੇਅ ਦੇ ਨਾਲ, ਜਾਰਜ ਵਾਸ਼ਿੰਗਟਨ ਦਾ ਜਨਮ ਦਿਨ ਸੰਯੁਕਤ ਰਾਜ ਅਮਰੀਕਾ ਨੂੰ ਆਪਣੇ ਸਾਬਕਾ ਸੈਨਿਕਾਂ ਦਾ ਸਨਮਾਨ ਕਰਨ ਦਾ ਇਕ ਹੋਰ ਮੌਕੇ ਪ੍ਰਦਾਨ ਕਰਦਾ ਹੈ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

*ਲੜੀ ਨੰਬਰ-185*

## ਜਿੰਨ (ਭੂਤ, ਪ੍ਰੇਤ ਤੇ ਛਾਇਆ)



ਅਵਤਾਰ ਸਿੰਘ ਮਿਸ਼ਨਰੀ
510-432-5827

ਜਿਨ ਤੇ ਜਿੰਨ ਲਫਜਾਂ 'ਚ ਫਰਕ ਹੈ। ਜਿਨ-ਬਹੁ ਵਚਨ ਜਿਨ੍ਹਾਂ ਨੇ-ਜਿਨ ਜਾਨਿਆ ਸੇਈ ਤਰੇ॥ (ਮ:੫) ਜਿਨ ਕੈ ਰਾਮੁ ਵਸੈ ਮਨ ਮਾਹਿ॥(ਜਪੁ:੧-੮) ਜਿਨ-ਜਿੱਧਰ ਜਿਸ ਤਰਫ-ਗੁਰਮੁਖਿ ਗਿਆਨ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥(ਮ:੧-੯੩੫) ਜਿੰਨ ਅਰਬੀ ਦਾ ਲਫਜ਼ ਤੇ ਅਰਥ ਭੂਤ, ਪ੍ਰੇਤ ਤੇ ਦੇਉ ਹਨ-ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥(ਮ:੧-੫੫੬) (ਮਹਾਨ ਕੋਸ਼ ਤੇ ਸ੍ਰੀ ਗੁਰੂ ਗ੍ਰੰਥ ਕੋਸ਼)

ਸਾਮੀ ਧਰਮਾਂ ਦੀਆਂ ਰਵਾਇਤਾਂ ਅਨੁਸਾਰ ਜਿੰਨ ਦੀ ਉਤਪਤੀ ਆਦਮ ਤੋਂ ਕਈ ਹਜ਼ਾਰ ਸਾਲ ਪਹਿਲਾਂ ਅੱਗ ਤੋਂ ਹੋਈ ਤੇ ਉਸ ਅੱਗ ਚੋਂ ਧੂੰਆਂ ਨਹੀਂ ਨਿਕਲਦਾ ਸੀ। ਜਿੰਨ ਬਾਰੇ ਇਹ ਵੀ ਧਾਰਨਾ ਹੈ ਕਿ ਇਹ ਕੋਈ ਉੱਡਣ ਵਾਲੀ ਜੂਨ ਹੈ। ਇਸ ਦਾ ਸਰੀਰ ਪਾਰਦਰਸ਼ੀ ਤੇ ਸਵੈ ਇਛਾ ਅਨੁਸਾਰ ਰੂਪ ਬਦਲਦਾ ਤੇ ਨਜ਼ਰ ਨਹੀਂ ਆਉਂਦਾ ਪਰ ਜੇ ਕੋਈ ਠੋਸ ਰੂਪ ਧਾਰਨ ਕਰੇ ਜਿਵੇਂ ਗਿਦੜ, ਸ਼ੇਰ, ਬਘਿਆੜ, ਸੱਪ, ਬ੍ਰਿਛ, ਵਾਵਰੋਲਾ ਆਦਿ ਤਾਂ ਦਿਸਦਾ ਵੀ ਹੈ। ਪੁਰਾਤਨ ਰਵਾਇਤਾਂ ਤੋਂ ਪਤਾ ਚਲਦੈ ਕਿ ਆਦਮ ਤੋਂ ਪਹਿਲਾਂ ਜਿੰਨਾਂ ਦਾ ਰਾਜ ਤੇ ਇਨ੍ਹਾਂ ਦੇ ਆਪਣੇ ਹੀ ਪੈਗੰਬਰ ਸਨ। ਇਨ੍ਹਾਂ ਨੇ ਆਪਣੇ ਪੈਗੰਬਰਾਂ ਦਾ ਅਨਾਦਰ ਕਰਕੇ ਦੁਰ-ਵਿਰਤੀਆਂ ਨੂੰ ਸੰਸਾਰ 'ਚ ਪਸਾਰਿਆ। ਰੱਬ ਨੇ ਫਰਿਸ਼ਤਿਆਂ ਦੀ ਸੈਨਾ ਭੇਜ ਕੇ ਇੰਨ੍ਹਾਂ ਨੂੰ ਧਰਤੀ ਤੋਂ ਭਜਾਤਾ ਕਈ ਮਾਰੇ ਤੇ ਕਈ ਪਕੜੇ ਗਏ। ਪਕੜੇ ਗਇਆਂ ਚੋਂ ਪ੍ਰਮੁੱਖ ਅਜ਼ਾਜ਼ੀਲ (ਸ਼ੈਤਾਨ) ਸੀ ਫਰਿਸ਼ਤਿਆਂ ਦੇ ਸੰਪ੍ਰਕ 'ਚ ਰਹਿਣ ਕਾਰਣ ਇਹ ਗਿਆਨਵਾਨ ਹੋ ਗਿਆ ਪਰ ਰੱਬ ਦੇ ਕਹਿਣ ਤੇ ਇਸ ਨੇ ਆਦਮ ਨੂੰ ਸਿਜ਼ਦਾ ਕਰਨ ਤੋਂ ਇਨਕਾਰ ਕਰ ਦਿੱਤਾ। ਸਾਮੀ ਪ੍ਰਭਾਵ ਕਾਰਨ ਹੀ "ਜਿੰਨ" ਪੰਜਾਬੀ ਲੋਕ-ਸਭਿਆਚਾਰ ਦਾ ਅੰਗ ਬਣ ਗਿਆ। (ਗੁਰੂ ਗ੍ਰੰਥ ਵਿਸ਼ਵ ਕੋਸ਼)

ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਧਰਤੀ ਤੇ ਸਰੀਰਕ ਜੀਵਨ ਜਿਉਂਦਿਆਂ ਮਨੁੱਖ ਨੇ ਜੋ ਖ਼ਾਹਿਸ਼ਾਂ, ਖ਼ਿਆਲ ਬਣਾਏ ਉਹ ਪੂਰੇ ਨ ਹੋਣ ਤਾਂ ਮਰਨ ਮਗਰੋਂ ਉਸਦੀ ਆਤਮਾ ਭਟਕਦੀ ਰਹਿੰਦੀ ਹੈ। ਆਪਣੇ ਜੀਵਨ ਦੌਰਾਨ ਕੀਤੇ ਕਰਮਾਂ ਅਨੁਸਾਰ ਇਹ ਆਤਮਾ ਆਪਣੇ ਲਾਇਕ ਮਾਤਾ-ਪਿਤਾ ਲੱਭਦੀ ਰਹਿੰਦੀ ਹੈ। ਜਿਨ੍ਹਾਂ ਨੂੰ ਆਪਣੇ ਮੁਤਾਬਿਕ ਮਾਤਾ-ਪਿਤਾ ਲੱਭ ਪੈਂਦੇ ਨੇ ਉਹ ਤਾਂ ਮੁੜ ਜਨਮ ਲੈ ਲੈਂਦੇ ਤੇ ਬਾਕੀ ਦੀਆਂ ਰੂਹਾਂ ਭੂਤ, ਪ੍ਰੇਤ, ਬੇਤਾਲ, ਜਿੰਨ ਬਣ ਹੋਰਨਾਂ ਮਨੁੱਖਾਂ ਨੂੰ ਤੰਗ ਕਰਦੀਆਂ ਰਹਿੰਦੀਆਂ ਹਨ। ਸ਼ਬਦ ਗੁਰੂ ਗ੍ਰੰਥ ਦੀ ਵਿਚਾਰਧਾਰਾ ਅਨੁਸਾਰ ਇਹ ਸਭ ਪ੍ਰਪੰਚੀਆਂ ਦੇ ਘੜੇ ਗਏ ਕਿਰਦਾਰ ਨੇ ਜੋ ਲੋਕਾਂ ਨੂੰ ਡਰਾ ਕੇ ਤਾਂਤ੍ਰਿਕ ਦੀ ਦੁਕਾਨ ਚਲਾਉਂਦੇ ਅਤੇ ਲੁੱਟਦੇ ਰਹਿੰਦੇ ਹਨ। ਅਗਿਆਨਤਾ ਅਤੇ ਡਰ ਵੱਸ ਪਏ ਮਨੁੱਖ ਇਨ੍ਹਾਂ ਦੇ ਪਾਖੰਡਾਂ 'ਚ ਫੱਸ ਜਾਂਦੇ ਤੇ ਖ਼ੁਆਰ ਹੁੰਦੇ ਰਹਿੰਦੇ ਹਨ।

ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ ਗੁਰਮਤ ਮਾਰਤੰਡ ਭਾਗ ਦੂਜਾ ਸਫਾ ੫੦੮ 'ਤੇ ਲਿਖਦੇ ਹਨ- "ਪੰਜਾਂ ਤਤਾਂ ਦਾ ਨਾਮ ਭੂਤ ਹੈ ਪਰ ਭ੍ਰਮ ਗ੍ਰਸੇ ਅਗਿਆਨੀਆਂ ਨੇ ਮਰੇ ਹੋਏ ਜੀਵਾਂ ਦੀ ਆਤਮਾ ਦੇ ਕਈ ਨਾਮ ਰਖ ਕੇ ਆਡੰਬਰ ਰਚ ਰਖੇ ਹਨ। ਤਾਂਤ੍ਰਿਕ ਦੇ ਵਸ ਪਏ ਆਸੇਬ ਛਾਯਾ ਆਦਿਕ ਮੰਨ ਕੇ, ਗੁਰਮਤ ਵਿਰੁੱਧ ਕਰਮ ਕਰਦੇ ਹਨ। ਵਾਸਤਵ ਵਿਚ ਕਰਤਾਰ ਤੋਂ ਵਿਮੁਖ ਕੁਕਰਮਾਂ ਦੇ ਪ੍ਰੇਮੀ ਦੁਖਦਾਈ ਲੋਕਾਂ ਦੀ "ਭੂਤ ਪ੍ਰੇਤ" ਆਦਿ ਸੰਗਯਾ ਹੈ, ਇਹੀ ਤਾਮਸੀ ਜੀਵ ਗੁਰ ਉਪਦੇਸ਼ ਤੇ ਅਮਲ ਕਰਨ ਤੋਂ ਦੇਵ ਪਦ ਨੂੰ ਪ੍ਰਾਪਤ ਹੋ ਜਾਂਦੇ ਹਨ।"

ਸ਼ਬਦ ਗੁਰੂ ਗ੍ਰੰਥ ਦੀ ਵਿਚਾਰਧਾਰਾ ਅਨੁਸਾਰ ਜਿਊਂਦੇ ਜੀਅ ਹੀ ਜੋ ਮਨੁੱਖ ਮੰਦ ਕਰਮੀ ਹੋ ਕੇ ਦੂਜਿਆਂ ਨੂੰ ਦੁਖੀ ਕਰਦੇ ਨੇ ਉਨ੍ਹਾਂ ਨੂੰ ਪ੍ਰੋਢਾਵਾਦੀ ਢੰਗ 'ਚ "ਜਿੰਨ, ਭੂਤ, ਪ੍ਰੇਤ, ਬੇਤਾਲ" ਦੀ ਤਸ਼ਬੀਹ ਦਿੱਤੀ ਹੈ। ਜਿਵੇਂ ਕਿ ਬਾਣੀ ਫੁਰਮਾਂਦੀ ਹੈ-

੧- ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥ (੧੩੭੪) ੨। ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ॥ (੫੩੮) ੩। ਹਰਿ ਕੇ ਨਾਮਹੀਨ ਬੇਤਾਲ॥ ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ॥ (੧੨੨੨) ੪। ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥ (੭੦੬) ੫। ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥ (੫੧੩) ੬। ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥ (੧੧੭)

ਜੋ ਮਨੁੱਖ ਸਤਿਗੁਰ, ਸੱਚ ਦੇ ਗਿਆਨ ਅਨੁਸਾਰ ਜੀਵਨ ਜਿਉਂਦੇ ਨੇ ਉਹ ਮੰਦੇ ਕਰਮਾਂ, ਖ਼ਿਆਲਾਂ, ਫੁਰਨਿਆਂ ਤੋਂ ਉੱਪਰ ਉਠ ਕੇ, ਪਰਮਪਦ (ਉਚੀ ਆਤਮਕ ਅਵਸਥਾ) ਪ੍ਰਾਪਤ ਕਰ ਲੈਂਦੇ ਹਨ-੭। ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ॥ ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ॥ (੩੨੩) ੮। ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥ ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥ (੧੩੨੯)

ਉਪਰੋਕਤ ਪੰਕਤੀਆਂ ਅਨੁਸਾਰ ਸਮੁੱਚੇ ਤੌਰ 'ਤੇ ਭਾਵ ਅਰਥ ਇਹੋ ਨਿਕਲਦਾ ਹੈ ਕਿ ਜੋ ਮਨੁੱਖ ਸੱਚ ਨਾਲ ਨਹੀਂ ਜੁੜਦੇ, ਰੱਬੀ ਗੁਣ ਧਾਰਨ ਨਹੀਂ ਕਰਦੇ ਉਹ ਮਾਨੋ ਭੂਤ ਪ੍ਰੇਤ ਦੀ ਨਿਆਈਂ ਜੀਵਨ ਜਿਊ ਰਹੇ ਹਨ। ਜਿਨ੍ਹਾਂ ਮਨੁੱਖਾਂ ਨੇ ਆਪਣੇ ਹਿਰਦੇ ਘਰ (ਸੁਰਤ, ਮਤ, ਮਨ, ਬੁੱਧ) ਵਿੱਚ ਸਤਿਗੁਰ ਅਨੁਸਾਰ ਜੀਵਨ ਜਿਉਣ ਦਾ ਮਾਰਗ ਨਹੀਂ ਅਪਣਾਇਆ ਉਹ ਮਾਨੋ ਜਿੰਨ, ਭੂਤ, ਪ੍ਰੇਤ, ਬੇਤਾਲ ਵਾਲੀ ਜੀਵਨੀ ਜਿਉਂ ਰਹੇ ਹਨ। ਐਸੇ ਮਨੁੱਖ ਸ਼ਬਦ ਗੁਰੂ ਗ੍ਰੰਥ ਦੀ ਬਾਣੀ ਰਾਹੀਂ ਇਨਸਾਨੀਅਤ ਭਰਪੂਰ ਜੀਵਨੀ ਜਿਉਣ ਵਾਲੇ ਸੱਚ ਦੇ ਗਿਆਨ (ਸਤਿਗੁਰ) ਵਾਲੇ ਸਰੋਵਰ ਵਿੱਚ ਚੁੱਭੀ ਮਾਰ ਕੇ (ਅਵਗੁਣਾਂ ਦੀ ਮੈਲ ਨੂੰ ਗਿਆਨ-ਗੁਰੂ ਨਾਲ ਇਸ਼ਨਾਨ ਕਰਾ ਕੇ) ਪਰਮਪਦ ਪ੍ਰਾਪਤ ਕਰ ਸਕਦੇ ਹਨ।

ਗੁਰਬਾਣੀ ਸਮਝਣ ਲਈ ਕੋਈ ਗੁਰਬਾਣੀ ਹੀ ਆਧਾਰ ਹੈ ਨਾ ਕਿ ਕੋਈ ਹੋਰ ਬ੍ਰਾਹਮਣੀ ਕਹਾਣੀਆਂ, ਸਾਰੇ ਜਵਾਬ ਸ਼ਬਦ ਗੁਰੂ ਗ੍ਰੰਥ ਵਿੱਚ ਨੇ ਸਿਰਫ ਖੋਜਣ ਤੇ ਫਿਰ ਜੀਵਨ ਵਿੱਚ ਉਤਾਰਣ ਦੀ ਲੋੜ ਹੈ। ਬਹੁਤਾਤ ਸਿੱਖ ਅਖਵ-'ਉਣ ਵਾਲੇ ਭੂਤਾਂ, ਪ੍ਰੇਤਾਂ, ਬੇਤਾਲਾਂ ਆਦਿ 'ਚ ਵਿਸ਼ਵਾਸ ਰੱਖਦੇ ਨੇ ਜਿਸਦਾ ਵੱਡਾ ਨਮੂਨਾ ਹੈ ਡੇਰਾ ਵਡਭਾਗ ਸਿੰਘ, ਜਿੱਥੇ ਸਿੱਖ ਅਖਵਾਉਣ ਵਾਲੇ ਆਪਣੀ ਮੂਰਖਤਾ ਦਾ ਰੱਜ ਜੇ ਮਜ਼ਾਹਰਾ ਕਰਦੇ ਹਨ। ਜਿਹੜੇ ਉਥੇ ਨਹੀਂ ਜਾਂਦੇ, ਉਨ੍ਹਾਂ ਦਾ ਵਿਸ਼ਵਾਸ ਹੋਰ ਤਰ੍ਹਾਂ ਦੇ ਭੂਤਾਂ ਵਿੱਚ ਤੇ ਕਈ ਸ਼ਹੀਦ ਸਿੰਘਾਂ ਦੀ ਆਤਮਾ ਕਹਿ ਕੇ ਭਰਮਾਂ ਵਿੱਚ ਪਏ ਹੋਏ ਨੇ, ਜਿਸ ਵਿੱਚ ਗਪੌੜ ਸ਼ੰਖ ਟਕਸਾਲੀ ਠਾਕੁਰ ਸਿੰਘ ਲੋਕਾਂ ਨੂੰ ੨੦ ਫੁੱਟੇ ਸ਼ਹੀਦ ਸਿੰਘਾਂ ਦੀਆਂ ਗੱਪਾਂ ਸੁਣਾ ਕੇ ਭਰਮਾਂ ਵਿੱਚ ਪਾਈ ਜਾਂਦਾ ਹੈ। (ਸਿੰਘਾਂ ਨੇ ਸ਼ਹੀਦੀ ਦੇ ਕੇ ਆਪਣਾ ਆਪ ਸੱਚ ਨੂੰ, ਗੁਰੂ ਨੂੰ ਸਮਰਪਤ ਕਰ ਦਿੱਤਾ, ਉਨ੍ਹਾਂ ਦਾ ਪਹਿਰਾ ਲਗਦਾ ਆਦਿਕ ਭਰਮਾਂ 'ਚ ਪਾ ਕੇ ਉਨ੍ਹਾਂ ਦਾ ਮਖੌਲ ਨਾ ਉਡਾਓ) ਤੇ ਗਿਆਨੀ ਸੰਤ ਸਿੰਘ ਮਸਕੀਨ ਵਰਗੇ ਕਥਾਕਾਰ ਵੀ ਆਪਣੇ ਨਾਲ ਪ੍ਰੇਤ ਆਤਮਾਵਾਂ ਦਾ ਜ਼ਿਕਰ ਕਰਕੇ ਫੋਕੀ ਵਾਹ ਵਾਹ ਹੀ ਖੱਟਦੇ ਸਨ।

ਸਿੱਖ ਕਿਸੇ ਦਾ ਪਿਛਲੱਗ ਨਹੀਂ ਉਹ ਸਿਰਫ "ਸ਼ਬਦ ਗੁਰੂ ਗ੍ਰੰਥ" ਵਿੱਚ ਦਰਜ ਗੁਰਬਾਣੀ ਨੂੰ ਆਧਾਰ ਮੰਨਦਾ ਹੈ। ਇੱਥੇ ਕੁੱਝ ਕੁ ਹੀ ਪ੍ਰਮਾਣ ਦਿੱਤੇ ਜਾ ਰਹੇ ਨੇ ਜਿਨ੍ਹਾਂ ਨੂੰ ਟੇਕ ਰੱਖਕੇ ਕੇ ਬਾਕੀ ਸ਼ਬਦ ਵੀ ਵਿਚਾਰੇ ਜਾਣ ਤਾਂ, ਸਮਝਣਾ ਸੌਖਾ ਹੋਵੇਗਾ ਕਿ ਇਹ ਪ੍ਰੇਤ, ਬੇਤਾਲ ਉਹੀ ਜੀਅ ਨੇ ਜਿਨ੍ਹਾਂ ਦੇ ਵਿੱਚੋਂ ਰੱਬੀ ਗੁਣ, ਰੱਬੀ ਪਿਆਰ, ਰੱਬ ਦੀ ਸਿਫਤ ਸਲਾਹ ਦਾ ਵਾਸਾ ਨਹੀਂ।

### ਗੁਰਬਾਣੀ ਪ੍ਰੇਤ ਬੇਤਾਲਾਂ ਬਾਰੇ ਕੀ ਕਹਿੰਦੀ ਹੈ?

ਭੈਰਉ ਮਹਲਾ ੩॥ ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ॥(੧੧੩੧) ਹੇ ਭਾਈ! ਕਲਜੁਗ 'ਚ "ਪ੍ਰੇਤ" ਸਿਰਫ਼ ਉਹੀ ਨੇ ਜਿਨ੍ਹਾਂ ਨੇ ਪਰਮਾਤਮਾ ਨੂੰ ਆਪਣੇ ਹਿਰਦੇ 'ਚ ਵੱਸਦਾ ਨਹੀਂ ਪਛਾਣਿਆ। ਜੁੱਗ ਦਾ ਬਦਲਾਅ ਵੀ ਬੰਦੇ ਅੰਦਰ ਹੀ ਹੈ, ਜਿਸ ਤਰ੍ਹਾਂ ਦੀ ਬਿਰਤੀ ਕਿਸੇ ਮਨੁੱਖ ਦੀ ਹੈ, ਉਸੇ ਤਰ੍ਹਾਂ ਦਾ ਜੁੱਗ ਬਦਲਦਾ ਰਹਿੰਦਾ ਹੈ-ਮ:੫ ਸਲੋਕ॥ ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ॥(੭੦੬)ਜਿਸ ਮਨੁੱਖ ਨੂੰ ਰੱਬ ਵਿਸਰ ਜਾਂਦੈ ਉਸਦਾ ਸਰੀਰ ਭਸਮ ਸਮਾਨ ਹੀ ਤੇ ਉਸੇ ਨੂੰ "ਪ੍ਰੇਤ" ਆਖਿਆ ਜਾਂਦਾ ਹੈ। ਮ:੫ ਸਲੋਕ॥ ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥(੧੭੦੬) ਜੋ ਜੀਵ ਪ੍ਰਭੂ ਨੂੰ ਵਿਸਾਰਦੇ ਨੇ ਉਹ ਮਾਨੋ ਜਿੰਨ-ਭੂਤ-ਪ੍ਰੇਤ ਹਨ। ਮ: ੯॥ ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥੨॥(੬੩੪) ਜਦੋਂ ਹੰਸ ਰੂਪੀ ਗੁਣ ਇਸ ਤਨ ਵਿੱਚੋਂ ਨਿਕਲ ਜਾਣ ਤਾਂ ਲੋਕ ਉਸ ਡਰੌਣੇ ਮਨੁੱਖ ਤੋਂ ਡਰ ਕੇ ਉਸਨੂੰ ਪ੍ਰੇਤ ਪ੍ਰੇਤ ਸੱਦ ਕੇ ਭੱਜ ਉਠਦੇ ਹਨ।

ਹੰਸ ਨੂੰ ਸਮਝਣ ਲਈ ਗੁਰਬਾਣੀ ਦੀ ਇਕ ਹੋਰ ਸਤਰ ਹੈ-ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥ ਹੰਸ ਬਿਰਤੀ ਵਾਲੇ ਮਨੁੱਖ ਮੋਤੀ ਭਾਵ ਚੰਗੇ ਗੁਣ ਚੁੱਗਦੇ ਤੇ ਬਗਲਾ ਪਾਖੰਡੀ ਛੱਪੜਾਂ ਵਿੱਚੋਂ ਡੱਡੂ ਹੀ ਭਾਲਦਾ ਹੈ। ਭੱਟ ਨਲ॥ ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥੨॥੬॥(੧੩੯੯) ਜਿਨ੍ਹਾਂ ਨੇ ਸਤਿਗੁਰੂ ਦੀ ਦਾ ਉਦੇਸ਼ ਗ੍ਰਹਿਣ ਕਰ ਲਿਆ, ਉਹ ਪਸ਼ੂ ਤੇ ਪ੍ਰੇਤ ਬਿਰਤੀ ਵਾਲੇ ਲੋਕ ਨਰ ਬੰਦੇ ਬਣ ਗਏ। ਭਾਈ ਗੁਰਦਾਸ ਜੀ ਵੀ ਪ੍ਰੇਤ ਕੌਣ ਨੇ ਉਸ ਬਾਰੇ ਆਪਣੀ ਦਸਵੀਂ ਵਾਰ 'ਚ ਲਿਖਦੇ ਹਨ-ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ॥ ਜਿਸ ਤਰ੍ਹਾਂ ਪਾਰਸ ਦੇ ਛੂਹਣ ਨਾਲ ਲੋਹਾ ਵੀ ਪਾਰਸ ਬਣ ਜਾਂਦਾ ਤੇ ਚੰਦਨ ਦੇ ਵਾਸ ਨਾਲ ਨਿੰਮ ਦਾ ਬਿਰਖ ਵੀ ਮਹਿਕ ਜਾਂਦਾ ਹੈ। ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ॥ ਉਸੇ ਤਰ੍ਹਾਂ ਪੂਰੇ ਸਤਿਗੁਰੂ ਦੀ ਵਡਿਆਈ ਨਾਲ, ਉਪਦੇਸ਼ ਗ੍ਰਹਿਣ ਕਰਨ ਨਾਲ ਪਸੂ ਪ੍ਰੇਤ ਬਿਰਤੀ ਵਾਲੇ, ਦੇਵਤੇ ਰੱਬੀ ਗੁਣਾਂ ਦੇ ਧਾਰਣੀ ਮਨੁੱਖ ਬਣ ਜਾਂਦੇ ਹਨ।

ਭਾਈ ਗੁਰਦਾਸ ਜੀ ਵਾਰ ੪੨ 'ਚ ਪਸੂ ਤੇ ਮਨੁੱਖ ਦਾ ਅੰਤਰ ਦਸਦੇ ਹਨ ਕਿ-ਪਸੂਆ ਮਨੁਖ ਦੇਹ ਅੰਤਰਿ ਅੰਤਰੁ ਇਹੈ ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ॥ ਪਸੂ ਤੇ ਮਨੁੱਖ ਦੀ ਦੇਹ ਦੇ ਵਿੱਚ ਕੀ ਅੰਤਰ ਹੈ? ਮਨੁੱਖ ਕੋਲ ਸ਼ਬਦ ਦੀ ਸੁਰਤਿ ਭਾਵ ਅਖਰ, ਦਿਮਾਗ ਪਰ ਪਸੂ ਕੋਲ ਨਾ ਤਾਂ ਗਿਆਨ ਨਾ ਸਮਰੱਥਾ ਹੈ। ਪਸੁ ਹਰਿਆਉ ਕਹਿਓ ਸੁਨਿਓ ਅਨਸੁਨਿਓ ਕਰੈ ਮਾਨਸ ਜਨਮ ਉਪਦੇਸ ਰਿਦੈ ਟੇਕ ਹੈ॥ ਜੇ ਪਸੂ ਨੂੰ ਹਰੀ ਘਾਹ (ਭਾਵ ਚੰਗੀ ਸਲਾਹ, ਗਿਆਨ) ਵਾਲੇ ਪਾਸੋਂ ਰੋਕੋ, ਤਾਂ ਉਹ ਉਸ ਪਾਸੇ ਨਹੀਂ ਜਾਂਦਾ ਪਰ ਮਨੁੱਖ ਉਹ ਗਿਆਨ, ਉਪਦੇਸ਼ ਗ੍ਰਹਿਣ ਕਰਦਾ ਹੈ। ਪਸੂਆ ਸਬਦ ਹੀਨ ਜਿਹਬਾ ਨ ਬੋਲਿ ਸਕੈ ਮਾਨਸ ਜਨਮ ਬੋਲੈ ਬਚਨ ਅਨੇਕ ਹੈ॥ ਪਸੂ ਕੋਲ ਸ਼ਬਦ (ਅਖਰ) ਬੋਲਣ ਦੀ ਸਮਰੱਥਾ ਨਹੀਂ ਪਰ ਮਨੁੱਖ ਬੋਲ ਸਕਦਾ ਤੇ ਅਨੇਕ ਬਚਨ ਬੋਲਦਾ ਹੈ। ਸਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ ਨਾਤੁਰ ਅਚੇਤ ਪਸੁ ਪ੍ਰੇਤ ਹੂੰ ਮੈ ਏਕ ਹੈ॥੨੦੦॥ਵਾਰ ੪੨ ਪਰ ਗੱਲ ਇੱਥੇ ਆ ਕੇ ਮੁਕਦੀ ਹੈ ਕਿ ਜੇ ਬੰਦਾ ਗੁਰੂ ਉਪਦੇਸ਼ ਸੁਣੇ, ਸਮਝੇ, ਬੋਲੇ ਉਹ ਹੀ ਬਿਬੇਕੀ, ਗਿਆਨਵਾਨ ਨਹੀਂ ਤਾਂ ਉਹ ਵੀ ਉਨ੍ਹਾਂ ਪਸੂ ਪ੍ਰੇਤਾਂ ਵਰਗਾ ਹੀ ਇੱਕ ਹੈ। ਸੋ ਇਹ ਸੀ ਜਿੰਨ (ਭੂਤ, ਪ੍ਰੇਤ ਤੇ ਬੇਤਾਲਾਂ) ਬਾਰੇ ਜੋ ਮਨੋ ਕਲਪਤ ਨੇ ਪਰ ਅਖੌਤੀ ਸਾਧਾਂ ਸੰਤਾਂ, ਪੁਜਾਰੀਆਂ ਤੇ ਤਾਂਤ੍ਰਿਕਾਂ ਨੇ ਅਗਿਆਨੀ ਲੋਕਾਂ ਨੂੰ ਵੱਡਾ ਹਊਆ ਖੜਾ ਕਰਕੇ ਡਰਾਇਆ ਹੋਇਆ ਹੈ।

# ਅਕਾਲੀ ਦਲ ਤੇ ਭਾਜਪਾ ਵਿਚਾਲੇ ਗਠਜੋੜ ਦੀਆਂ ਮੁੜ ਸੰਭਾਵਨਾਵਾਂ

**ਚੰਡੀਗੜ੍ਹ** - ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣਾਂ ਤੋਂ ਬਾਅਦ ਹੁਣ ਸਾਰੀਆਂ ਪਾਰਟੀਆਂ 10 ਮਾਰਚ ਨੂੰ ਆਉਣ ਵਾਲੇ ਨਤੀਜਿਆਂ ਦੀ ਉਡੀਕ ਕਰ ਰਹੀਆਂ ਹਨ। ਇਸ ਵਾਰ ਪੰਜਾਬ ਦੀਆਂ ਚੋਣਾਂ ਬਹੁਤ ਦਿਲਚਸਪ ਰਹੀਆਂ ਹਨ। ਜਿੱਥੇ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਛੱਡ ਕੇ ਆਪਣੀ ਪਾਰਟੀ ਬਣਾ ਭਾਜਪਾ ਨਾਲ ਮਿਲ ਕੇ ਚੋਣ ਲੜੀ, ਉਥੇ ਹੀ ਭਾਜਪਾ ਇਸ ਵਾਰ ਆਪਣੇ ਪੁਰਾਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਮੈਦਾਨ ਵਿਚ ਉਤਰੀ। ਕਿਸਾਨਾਂ ਦੇ ਮੁੱਦੇ 'ਤੇ ਦੋਵਾਂ ਪਾਰਟੀਆਂ ਦਾ ਗਠਜੋੜ ਪੰਜਾਬ ਚੋਣਾਂ ਤੋਂ ਪਹਿਲਾਂ ਹੀ ਟੁੱਟ ਗਿਆ ਸੀ, ਪਰ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਦੀਆਂ ਸੰਭਾਵਨਾਵਾਂ ਸਾਹਮਣੇ ਆ ਰਹੀਆਂ ਹਨ। ਇਸ ਦੇ ਸੰਕੇਤ ਦੋਵੇਂ ਪਾਰਟੀਆਂ ਦੇ ਆਗੂਆਂ ਨੇ ਖੁਦ ਦਿੱਤੇ ਹਨ।



ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਅੰਮ੍ਰਿਤਸਰ ਪੂਰਬੀ ਸੀਟ ਤੋਂ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਦੇ ਬਿਆਨ 'ਤੇ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ, 'ਪਹਿਲਾਂ ਚੋਣ ਨਤੀਜੇ ਆ ਜਾਣ ਦਿਓ। ਮੈਂ ਹਾਂ ਜਾਂ ਨਾਂਹ ਵਿੱਚ ਕੁਝ ਵੀ ਸੰਭਾਵਿਤ ਨਹੀਂ ਕਰ ਰਿਹਾ ਹਾਂ। ਸ਼੍ਰੋਮਣੀ ਅਕਾਲੀ ਦਲ ਚੋਣ ਨਤੀਜਿਆਂ ਤੋਂ ਬਾਅਦ ਭਾਜਪਾ ਨਾਲ ਗੱਠਜੋੜ ਦੇ ਮੁੱਦੇ 'ਤੇ ਕੋਈ ਫੈਸਲਾ ਲੈ ਸਕਦਾ ਹੈ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਚੋਣ ਜਲਸਿਆਂ ਦੌਰਾਨ ਕੀਤੇ ਗਏ ਸੰਬੋਧਨਾਂ ਵਿੱਚ ਵੀ ਭਾਜਪਾ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਵੀ ਲੋਕਾਂ ਨੂੰ ਨਜ਼ਰ ਆ ਰਹੀਆਂ ਸਨ। ਜਨਵਰੀ ਵਿੱਚ ਜਦੋਂ ਪ੍ਰਕਾਸ਼ ਸਿੰਘ ਬਾਦਲ ਨੂੰ ਕਰੋਨਾ ਦੀ ਲਾਗ ਲੱਗ ਗਈ ਸੀ, ਤਾਂ ਪੀਐਮ ਮੋਦੀ ਦੀ ਤਰਫ਼ੋਂ ਉਨ੍ਹਾਂ ਨੂੰ ਫ਼ੋਨ ਕਰਕੇ ਹਾਲ-ਚਾਲ ਵੀ ਪੁੱਛਿਆ ਗਿਆ ਸੀ। ਇਸ ਤੋਂ ਇਲਾਵਾ ਹਰ ਜਨਮ ਦਿਨ ਉਤੇ ਪੀਐਮ ਮੋਦੀ ਖੁਦ ਬਾਦਲ ਨੂੰ ਫੋਨ ਕਰਕੇ ਵਧਾਈਆਂ ਦਿੰਦੇ ਹਨ। ਸਿਆਸੀ ਮਾਹਰ ਇਨ੍ਹਾਂ ਵਿਚੋਂ ਵੀ ਦੋਵਾਂ ਧਿਰਾਂ ਦੀ ਮੁੜ ਸਾਂਝ ਪੈਣ ਦੀਆਂ ਸੰਭਾਵਨਾਂ ਤਲਾਸ਼ ਰਹੇ ਹਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਸ੍ਰੀ ਗੁਰੂ ਰਵਿਦਾਸ ਜੀ ਦਾ 645ਵਾਂ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ



**ਫਰਿਜ਼ਨੋ, (ਕੈਲੀਫੋਰਨੀਆਂ)–** ਕ੍ਰਾਂਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 645 ਵਾਂ ਗੁਰਪੁਰਬ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ। ਇਨ੍ਹਾਂ ਦੀਵਾਨਾਂ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜੱਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਕਥਾਵਾਚਕ ਭਾਈ ਮਲਕੀਤ ਸਿੰਘ ਨੇ ਗੁਰੂ ਸ਼ਬਦ ਦੀ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਨ ਕਰਵਾਇਆ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਉੱਘੇ ਸਮਾਜਸੇਵੀ ਸੁਰਿੰਦਰ ਸਿੰਘ ਧਨੋਆ ਨੇ ਸਟੇਜ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾਂ ਦੀ ਸਾਂਝ ਪਾਈ ਅਤੇ ਆਪਣੇ ਨਵੇਂ ਨਾਟਕ ਮਿਟੀ ਧੁੰਦ ਜੱਗ ਚਾਨਣ ਹੁਆ ਦੇ ਫਰਿਜ਼ਨੋ ਵਿਖੇ ਹੋ ਰਹੇ ਸ਼ੋਅ ਸਬੰਧੀ ਸੰਗਤਾਂ ਨੂੰ ਜਾਣਕਾਰੀ ਦਿੱਤੀ। ਸਟੇਜ ਸੰਚਾਲਕ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸ਼ੇਸ਼ ਦੀਵਾਨ ਵਿੱਚ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਇਸ ਸਮਾਗਮ ਦੀ ਵਿਸ਼ੇਸ਼ ਮਹਾਨਤਾ ਇਹ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਬਹੁ ਗਿਣਤੀ ਵਿੱਚ ਹਾਜ਼ਰੀਆਂ ਭਰਦੇ ਹੋਏ ਗੁਰੂ ਰਵਿਦਾਸ ਮਹਾਰਾਜ ਦਾ ਪੁਰਬ ਬਹੁਤ ਹੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਇਆ।

# ਦੀਪ ਸਿੱਧੂ ਨੂੰ ਫਰਿਜ਼ਨੋ ਨਿਵਾਸੀਆਂ ਨੇ ਦਿੱਤੀ ਸਰਧਾਜ਼ਲੀ






**ਫਰਿਜ਼ਨੋ, (ਕੈਲੀਫੋਰਨੀਆਂ)–** ਬੀਤੇ ਸਾਲਾ ਦੌਰਾਨ ਭਾਰਤ ਵਿੱਚ ਸਰਕਾਰ ਵੱਲੋਂ ਕਿਰਸਾਨੀ ਸੰਬੰਧੀ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਦੇ ਖਿਲਾਫ ਲੋਕਾਂ ਦੁਆਰਾ ਕੀਤੀ ਵਿਰੋਧਤਾ ਅਤੇ ਸੰਘਰਸ਼ ਨੇ ਬਹੁਤ ਸਾਰੇ ਨਵੇਂ ਲੀਡਰਾ ਨੂੰ ਜਨਮ ਦਿੱਤਾ। ਇਸ ਸੰਘਰਸ਼ ਵਿੱਚ ਜਿੱਥੇ ਹਰ ਕਿੱਤੇ ਨਾਲ ਸੰਬੰਧਤ ਲੋਕਾਂ ਨੇ ਡਟ ਕੇ ਸਾਥ ਦਿੱਤਾ।

ਉੱਥੇ ਕਈ ਲੀਡਰ ਆਪਣੇ ਸਵਾਰਥ ਹਿੱਤ ਮੋਰਚੇ ਵਿੱਚ ਸਾਮਲ ਹੋ ਜਾਂ ਘਰ ਦੀ ਚਾਰ ਦਿਵਾਰੀ ਅੰਦਰ ਰਹਿੰਦਿਆਂ ਅਖਬਾਰਾ ਅਤੇ ਸ਼ੋਸ਼ਲ ਮੀਡੀਏ ਦੀਆਂ ਸੁਰਖ਼ੀਆਂ ਹੇਠ ਆਪਣਾ ਨਾਂ ਚਮਕਾਉਣ ਵਿੱਚ ਵੀ ਲੱਗੇ ਰਹੇ। ਇਸੇ ਸੰਘਰਸ਼ ਨੇ ਬਹੁਤ ਜਾਨਾਂ ਵੀ ਲਈਆਂ। ਉਹ ਜਾਨਾਂ ਚਾਹੇ ਸੰਘਰਸ਼ ਵਿੱਚ ਦੌਰਾਨ ਕਿਸੇ ਬਿਮਾਰੀ ਜਾਂ ਹੋਰ ਹਾਦਸੇ ਦੌਰਾਨ ਗਈਆ। ਪਰ ਉਹ ਕਿਰਸਾਨੀ ਸੰਘਰਸ਼ ਲਈ ਸ਼ਹੀਦ ਹੋਏ।

ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਸੰਘਰਸ਼ ਵਿੱਚ ਸਾਮਲ ਕਰਨ ਵਾਲੇ ਨੌਜਵਾਨ ਆਗੂ ਦੀਪ ਸਿੱਧੂ ਵੀ ਅਜਿਹੀ ਹੀ ਇਕ ਸ਼ਖ਼ਸੀਅਤ ਦਾ ਮਾਲਕ ਸੀ ਜੋ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਿਆ।

ਆਪਣੇ ਸੰਬੰਧੀ ਬਹੁਤ ਸਾਰੇ ਵਿਰੋਧਾ ਦੇ ਬਾਵਜੂਦ ਵੀ ਆਪਣੀ ਜੰਗ ਜਾਰੀ ਰੱਖੀ। ਪਰ ਬੀਤੇ ਦਿਨੀ ਹੋਏ ਸੜਕ ਹਾਦਸੇ ਦੌਰਾਨ ਉਸ ਦੀ ਮੌਤ ਨੂੰ ਸਿਆਸੀ ਕਤਲ ਦੱਸਿਆ ਗਿਆ। ਉਹ ਨੌਜਵਾਨ ਪੀੜੀ ਦਾ ਹਰਮਨ ਪਿਆਰਾ ਆਗੂ ਸੀ। ਜਿਸ ਦੀ ਮਿਸਾਲ ਦੁਨੀਆ ਭਰ ਵਿੱਚ ਉਸ ਦੀ ਯਾਦ ਅੰਦਰ ਸਮਾਗਮ ਹੋ ਰਹੇ ਹਨ।

ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ "ਸਹੀਦ ਜਸਵੰਤ ਸਿੰਘ ਖਾਲੜਾ ਪਾਰਕ" ਵਿਖੇ ਵੀ ਦੀਪ ਸਿੱਧੂ ਨੂੰ ਯਾਦ ਕਰਦੇ ਹੋਏ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿੱਥੇ ਹਾਜ਼ਰ ਸਖਸੀਅਤਾ ਨੇ ਉਸ ਦੀ ਸੋਚ 'ਤੇ ਚਲਣ ਅਤੇ ਅੱਗੇ ਤੋਰਨ ਦੀ ਵਚਨਬੱਧਤਾ ਪ੍ਰਗਟਾਈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥






## ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ।

**ਹਰਦਿਆਲ ਬੰਗਾ**
**ਅਤੇ**
**ਸਮੂਹ ਬੰਗਾ ਪਰਿਵਾਰ**



ਸ੍ਰੀਮਤੀ ਕੁਲਵੰਤ ਕੌਰ ਬੰਗਾ, ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ) ਆਪਣੇ ਪਤੀ ਸ੍ਰੀ ਹਰਦਿਆਲ ਬੰਗਾ ਦੇ ਨਾਲ



ਹਰਦਿਆਲ ਸਿੰਘ ਬੰਗਾ ਆਪਣੇ ਦੋਵੇਂ ਸਪੁੱਤਰਾਂ ਸਟੀਵ ਬੰਗਾ (ਖੱਬੇ) ਅਤੇ ਅਜੈ ਬੰਗਾ (ਸੱਜੇ) ਨਾਲ

**H & S CONSTRUCTION**

**Hardi Banga**

**GENERAL CONTRACTOR**

**1824 Santa Rita Dr.**
**Pittsburg, CA 94565**

Ph 925-458-2196

Fax 925-261-1891,
Cell 925-584-0727

KARAN SUPER SPECIALITY HOSPITAL & AESTHETIC CENTRE

Near Bus Stand, Heon Road,
BANGA Distt. S.B.S. Nagar (Punjab)
HELPLINE NO: 84274-58700


Dr. Bakhshish Singh Dr. Karan Bakhshish Singh


INDOOR FACILITIES AVAILABLE:
- Deliveries-Normal - L.S.C.S.
- Govt. Recognised Abortion Centre
- Ultra Sound Scanning
- Laproscopic Sugery & T.U.R.P.
- URS, Lap Cholecystectomy
- Ortho Pedic Surgery

LASER SURGERY FOR
- Varcose Veins
- Haemorrhoids (Piles)
- Pilonidal Sinus
- Anal Fistula & Fissures
- Hypospadias & AV Fistula Under Plastic Surgery
- Ambulance



PLASTIC & COSMETIC SURGERY DEPARTMENT
Hair Transplant
Diabetic Foot
Gynaecomastia
Botox, Fillers & Peels
Acne Acars
Liposuction
Facial Trauma
Face Lift
Facial Rejuvenation
Laser Hair Removal
Under Eye Dark Circle & Bags
Dimple Creation
Tummy Tuck
Aesthetic Breast Surgery
Nose Job
Tatto Removal


HAIR TRANSPLANT

BOTOX TREATMENT ACNE-TREATMENT

Before After
LASER SKIN TREATMENT


Dr. Bakhshish Singh — M.B.B.S., M.S. (General Surgery) Ex. P.C.M.S. CONSULTANT SEURGEON PMC No 21447
Dr. Balbir Kaur — M.B.B.S., Ex. P.C.M.S. PMC No. 22064
Dr. Karan Bakhshish Singh — Ms, M.Ch. (Plastic & Cosmetic Surgey) DMC Hospital Ludhiana M.Ch, Plastic Surgery PMC No. 52541
Dr. Neha Bhatia — M.B.B.S. DA, IDCCM Intersivist N Critical Care Expert Ex-DMC Hospital Ludhiana PMC No. 39851
Dr. Atul Mittal — M.Ch. Urology PMC No. 25983

DESIGN & PRINT BY: ARMAN GRAPHICS, BANGA
FOLLOW US +91 98888 98556
Edited and Published: HARBANS HEON +91 99881 93972
for further information contact:
LEKH RAJ PALL l.pall@sky.com 0044 (0) 7737 429890






My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556



AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price


Prop: Jasbir Singh Takhar
510-755-2132

Free Estimates
Free Towing
510- 733- 2222
1421 Industrial PKWY West#F Hay-ward, CA 94544


Harmandeep Singh



L.A. MERCHANDISE
Whole Sale +Retail

ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ


ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।




Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ ‘ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

# ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ, ਸੇਲਮਾ

## ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਜਨਮ ਦਿਹਾੜਾ ਮਿਤੀ 25, 26 ਅਤੇ 27 ਫਰਵਰੀ 2022 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਪਾਸੋਂ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਪ੍ਰੋਗਰਾਮਾਂ ਦਾ ਵੇਰਵਾ**

*ਮਿਤੀ 25 ਫਰਵਰੀ, 2022*
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ- ਸਵੇਰੇ 9 ਤੋਂ 10 ਵਜੇ ਤੱਕ
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਪੀਜ਼ੇ ਦਾ ਲੰਗਰ - ਸ਼ਾਮ 5 ਤੋ 8 ਵਜੇ ਤੱਕ

*ਮਿਤੀ 27 ਫਰਵਰੀ 2022*
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ,
ਉਪਰੰਤ ਗੁਰੂ ਕੇ ਕੀਰਤਨੀ ਸਿੰਘ, ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

**ਸੰਗਤ ਦੇ ਸੇਵਾਦਾਰ**

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

# ਮਤਦਾਨ 'ਚ ਮਹਿਲਾ ਵੋਟਰਾਂ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਬਾਜ਼ੀ ਮਾਰੀ

## ਪੁਰਸ਼ਾਂ ਦੇ 67.9 ਫ਼ੀਸਦ ਦੇ ਮੁਕਾਬਲੇ 73.79 ਫ਼ੀਸਦ ਮਹਿਲਾਵਾਂ ਨੇ ਕੀਤੀ ਆਪਣੇ ਵੋਟ ਅਧਿਕਾਰ ਦੀ ਵਰਤੋਂ



**ਨਵਾਂਸ਼ਹਿਰ (ਸੰਤੋਖ ਸਿੰਘ ਜੱਸੀ) –** ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਕਲ੍ਹ ਮੁਕੰਮਲ ਹੋਏ ਪੰਜਾਬ ਵਿਧਾਨ ਸਭਾ ਚੋਣਾਂ-2022 ਦੇ ਮਤਦਾਨ ਦੌਰਾਨ ਮਹਿਲਾ ਵੋਟਰਾਂ ਨੇ ਮਤਦਾਨ ਕਰਨ ਵਿੱਚ ਪੁਰਸ਼ ਮਤਦਾਤਾਵਾਂ ਨੂੰ ਪਿੱਛੇ ਛੱਡ ਦਿੱਤਾ ਹੈ।

ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ ਨੇ ਇਸ ਰੁਝਾਨ ਨੂੰ ਮਹਿਲਾ ਵੋਟਰਾਂ 'ਚ ਹਾਂ-ਪੱਖੀ ਚੇਤਨਾ ਕਰਾਰ ਦਿੰਦਿਆਂ ਕਿਹਾ ਕਿ ਮਹਿਲਾਵਾਂ ਦਾ ਲੋਕਤੰਤਰ ਪ੍ਰਤੀ ਅਜਿਹਾ ਹੁੰਗਾਰਾ ਸ਼ੁੱਭ ਸ਼ਗਨ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 1,77,669 ਮਹਿਲਾ ਮਤਦ-ਾਤਾਵਾਂ ਨੇ ਐਤਵਾਰ ਨੂੰ ਆਪਣੇ ਮਤ ਅਧਿਕਾਰ ਦੀ ਵਰਤੋਂ ਕੀਤੀ ਜਦਕਿ ਪੁਰਸ਼ਾਂ ਦੀ ਮਤਦਾਨ ਕੇਂਦਰਾਂ 'ਤੇ ਇਹ ਗਿਣਤੀ 1,74,393 ਸੀ। ਇਸ ਤਰ੍ਹਾਂ ਮਹਿਲਾਵਾਂ ਦੀ ਮਤਦਾਨ ਪ੍ਰਤੀਸ਼ਤਤਾ, ਪੁਰਸ ਮਤਦਾਤਾਵਾਂ ਦੀ 67.90 ਫ਼ੀਸਦ ਦੇ ਮੁਕਾਬਲੇ 73.79 ਰਹੀ।

ਉਨ੍ਹਾਂ ਦੱਸਿਆ ਕਿ ਦੇਰ ਰਾਤ ਪ੍ਰਾਪਤ ਹੋਏ ਅੰਤਮ ਮਤਦਾਤਾ ਅੰਕੜਿਆਂ ਮੁਤਾਬਕ ਜ਼ਿਲ੍ਹੇ ਵਿੱਚ ਤਿੰਨਾਂ ਹਲਕਿਆਂ ਬੰਗਾ, ਨਵਾਂਸ਼ਹਿਰ ਅਤੇ ਬਲਾਚੌਰ ਵਿੱਚ ਕੁੱਲ 70.75 ਫ਼ੀਸਦ ਮਤਦਾਤਾਵਾਂ ਨੇ ਅਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਬਲਾਚੌਰ ਵਿੱਚ ਸਭ ਤੋਂ ਵਧੇਰੇ 73.77 ਫ਼ੀਸਦ, ਬੰਗਾ ਵਿੱਚ 69.39 ਫ਼ੀਸਦ ਅਤੇ ਨਵਾਂਸ਼ਹਿਰ ਵਿੱਚ 69.37 ਫ਼ੀਸਦ ਮਤਦਾਨ ਦਰਜ ਕੀਤਾ ਗਿਆ।

ਮਹਿਲਾ ਮਤਦਾਤਾਵਾਂ ਦੀ ਲੋਕਤੰਤਰ 'ਚ ਭਾਗੀਦ-ਾਰੀ ਬਾਰੇ ਹਲਕਾਵਾਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਬਲਾਚੌਰ ਵਿੱਚ 57392 ਮਹਿਲਾ ਮਤਦਾਤਾਵਾਂ ਨੇ ਮਤਦਾਨ ਕੀਤਾ ਜਦਕਿ ਪੁਰਸ਼ਾਂ ਦੀ ਗਿਣਤੀ 57050 ਰਹੀ। ਤੀਸਰੇ ਲਿੰਗ ਦੇ 6 ਮਤਦਾਤਾਵਾਂ ਨੇ ਬਲਾਚੌਰ 'ਚ ਮਤਦਾਨ ਕੀਤਾ।

ਨਵਾਂਸ਼ਹਿਰ ਹਲਕੇ ਵਿੱਚ 62047 ਮਹਿਲਾ ਮਤਦਾਤਾਵਾਂ ਨੇ ਵੋਟ ਪਾਈ ਜਦਕਿ ਪੁਰਸ਼ ਮਤਦਾਤਾਵਾਂ ਦੀ ਮਤਦਾਨ ਕੇਂਦਰਾਂ 'ਤੇ ਗਿਣਤੀ 60883 ਦਰਜ ਕੀਤੀ ਗਈ। ਇਸ ਹਲਕੇ ਵਿੱਚ ਤੀਸਰੇ ਲਿੰਗ ਨਾਲ ਸਬੰਧਤ 7 ਮਤਦ-ਾਤਾਵਾਂ ਨੇ ਆਪਣੇ ਮਤ ਅਧਿਕਾਰ ਦੀ ਵਰਤੋਂ ਕੀਤੀ।

ਬੰਗਾ ਹਲਕੇ ਵਿੱਚ 56460 ਮਰਦ ਮਤਦਾਤਾਵਾਂ ਦੇ ਮੁਕਾਬਲੇ 58230 ਮਹਿਲਾ ਵੋਟਰਾਂ ਨੇ ਲੋਕਤੰਤਰ ਦੇ ਉਤਸਵ ਵਿੱਚ ਆਪਣੀ ਹਾਜ਼ਰੀ ਲਗਵਾਈ ਜਦਕਿ ਪੰਜ ਤੀਸਰੇ ਲਿੰਗ ਦੇ ਮਤਦਾਤਾਵਾਂ ਨੇ ਆਪਣੀ ਵੋਟ ਪਾਈ।

ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਸਾਰ-ੰਗਲ ਨੇ ਜ਼ਿਲ੍ਹੇ ਦੇ ਮਤਦਾਤਾਵਾਂ ਵੱਲੋਂ ਨਿਰਭੈਅ ਹੋ ਕੇ ਮਤਦਾਨ ਕਰਨ ਦੀ ਪੁਰਾਣੀ ਰਵਾਇਤ ਨੂੰ ਬਰਕਰਾਰ ਰੱਖਣ ਅਤੇ ਮਤਦਾਨ ਦੌਰਾਨ ਸਦਭਾਵਨਾ ਅਤੇ ਭਾਈਚਾਰਾ ਬਣਾਈ ਰੱਖਣ ਲਈ, ਉਨ੍ਹਾਂ ਨੂੰ ਵਧਾਈ ਵੀ ਦਿੱਤੀ। ਉਨ੍ਹਾਂ ਨੇ ਮਹਿਲਾ ਮਤਦਾਤਾਵਾਂ ਵੱਲੋਂ ਲੋਕਤੰਤਰ ਪ੍ਰਤੀ ਦਿਖਾਏ ਉਤਸ਼ਾਹ ਲਈ ਉਨ੍ਹਾਂ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।




ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ 2022, ਨੂੰ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ**

ਕੋਰੋਨਾ ਮਹਾਂਮਾਰੀ ਦੇ ਭਿਆਨਕ ਹੱਲਿਆਂ ਦੇ ਬਾਵਜੂਦ ਸੰਗਤ ਨੇ ਜਿਸ ਸ਼ਰਧਾ ਅਤੇ ਉਤਸ਼ਾਹ ਨਾਲ ਸਮਾਗਮ ਵਿਚ ਭਾਗ ਲਿਆ, ਉਸ ਲਈ ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਕੋਟਿਨ ਕੋਟਿ ਧੰਨਵਾਦ।



Raj Singh

Nirmal Singh



NAPA AIRPORT AUTO PARTS
RAJ SINGH
CFO
520 SAN MATEO AVE.
SAN BRUNO, CA 94066
Phone (650) 952-1135
Fax: (650) 952-1991

AUTO, HOME, LIFE, BUSINESS, RENTER, WORKERS COMPENSATION

FARMERS INSURANCE
Report all Claims to:
Farmers Claim Department
24 hours a Day, 7 days a week
1-800-435-7764

NIRMAL SINGH INSURANCE AGENCY
363 El Camino Real, Suite 219
South San Francisco, CA 94080
Bus: (415) 967-1258, Cell: (650) 867-9621
Fax: (650) 952-1991 -Lic#0191917

# ਸਵ ਗੁਰਬਖਸ਼ ਸਿੰਘ ਧਾਲੀਵਾਲ ਸਾਬਕਾ ਐਮਐਲ ਏ ਹਲਕਾ ਨਿਹਾਲ ਸਿੰਘ ਵਾਲਾ ਦੀ ਪਤਨੀ ਦਾ ਅਮਰੀਕਾ ਵਿੱਚ ਦਿਹਾਂਤ

## (ਫਿਊਨਰਲ 26 ਫ਼ਰਵਰੀ ਨੂੰ ਸ਼ਾਮੀਂ 2 ਤੋਂ 4 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ, ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਵਿਖੇ)

**ਫਰਿਜਨੋ (ਕੈਲੀਫੋਰਨੀਆਂ)-** ਇੰਡੋ ਅਮੈਰਕਿਨ ਹੈਰੀਟੇਜ਼ ਫੋਰਮ ਫਰਿਜਨੋ ਦੇ ਪਹਿਲੇ ਪ੍ਰਧਾਨ ਅਤੇ ਹਲਕਾ ਨਿਹਾਲ ਸਿੰਘ ਵਾਲਾ ਦੇ ਸਾਬਕਾ MLA (1962-67) ਸਵ ਗੁਰਬਖਸ਼ ਸਿੰਘ ਧਾਲੀਵਾਲ ਦੇ ਸਤਿਕਾਰਯੋਗ ਧਰਮ ਪਤਨੀ ਸਰਦਾਰਨੀ ਬਸੰਤ ਕੌਰ (96) ਲੰਘੇ ਸੋਮਵਾਰ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ ਨੇ, ਉਹ ਪਿਛਲੇ ਲੰਮੇ ਸਮੇਂ ਤੋਂ ਆਪਣੇ ਪੁੱਤਰਾਂ ਨਵਦੀਪ ਸਿੰਘ ਧਾਲੀਵਾਲ ਅਤੇ ਬਲਦੇਵ ਸਿੰਘ ਧਾਲੀਵਾਲ ਕੋਲ ਅਮਰੀਕਾ ਦੀ ਕੈਲੀਫੋਰਨੀਆਂ ਸਟੇਟ ਦੇ ਸੋਹਣੇ ਸ਼ਹਿਰ ਫਰਿਜਨੋ ਵਿਖੇ ਰਹਿ ਰਹੇ ਸਨ। ਉਹਨਾਂ ਦਾ ਪਿਛਲਾ ਪਿੰਡ ਧੂੜਕੋਟ ਰਣਸੀਂਹ, ਤਹਿਸੀਲ ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ ਵਿੱਚ ਪੈਂਦਾ ਹੈ। ਉਹਨਾਂ ਦਾ ਫਿਊਨਰਲ ਮਿਤੀ 26



ਫ਼ਰਵਰੀ ਦਿਨ ਸ਼ਨੀਵਾਰ ਨੂੰ ਸ਼ਾਮੀਂ 2 ਤੋਂ 4 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ (2800 E Clayton Ave Fowler ca 93625) ਵਿੱਖੇ ਹੋਵੇਗਾ। ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ ਫਰਿਜਨੋ (4827 N. Parkway Dirve Fresno CA 93722 Fresno) ਵਿਖੇ ਪਵੇਗਾ। ਅਫ਼ਸੋਸ ਕਰਨ ਲਈ ਜਾਂ ਹੋਰ ਵਧੇਰੇ ਜਾਣਕਾਰੀ ਲਈ ਤੁਸੀ ਉਹਨਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ ਨਾਲ (559) 287-0822 , ਬੇਟੇ ਬਲਦੇਵ ਸਿੰਘ ਧਾਲੀਵਾਲ ਨਾਲ (559) 240-3868 ਜਾਂ ਉਹਨਾਂ ਦੀ ਪੋਤਰੀ ਸ਼ਰਨ ਧਾਲੀਵਾਲ ਨਾਲ (559)-974-8383 'ਤੇ ਸੰਪਰਕ ਕਰ ਸਕਦੇ ਹੋ। ਅਸੀਂ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਧਾਲੀਵਾਲ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਾਂ।

# ਬਿਕਰਮ ਮਜੀਠੀਆ ਨੇ ਕੀਤਾ ਆਤਮ ਸਮਰਪਣ , 8 ਮਾਰਚ ਤੱਕ ਜੇਲ ਭੇਜਿਆ

**ਚੰਡੀ.ਗੜ੍ਹ- ਚੰਡੀਗੜ੍ਹ** - ਮੋਹਾਲੀ ਅਦਾਲਤ ਵਲੋਂ ਬਿਕਰਮ ਸਿੰਘ ਮਜੀਠੀਆ ਨੂੰ 8 ਮਾਰਚ ਤੱਕ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ । ਇਸ ਦੌਰਾਨ ਐੱਸ।ਆਈ।ਟੀ। ਨੇ ਮਜੀਠੀਆ ਤੋਂ ਪੁੱਛਗਿੱਛ ਕੀਤੀ। ਇਸਤੋਂ ਪਹਿਲਾਂ ਸ਼ੌ੍ਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀ-ਠੀਆ ਨੇ ਵਧੀਕ ਸੈਸ਼ਨ ਜੱਜ ਐਸਕੇ ਸਿੰਗਲਾ ਦੀ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਸੀ।

ਮਜੀਠੀਆ ਵੀਰਵਾਰ ਨੂੰ ਆਪਣੇ ਵਕੀਲਾਂ ਨਾਲ ਅਦਾਲਤ ਪਹੁੰਚੇ। ਇਸ ਮੌਕੇ ਡੇਰਾਬੱਸੀ ਦੇ ਵਿਧਾਇਕ ਐਨ।ਕੇ।ਸ਼ਰਮਾ, ਮੁਹਾਲੀ ਅਕਾਲੀ ਦਲ ਦੇ ਉਮੀਦਵਾਰ ਪਰਮਿੰਦਰ ਸੋਹਾਣਾ ਸਮੇਤ ਸੈਂਕੜੇ ਅਕਾਲੀ ਸਮਰਥਕ ਵੀ ਉਨ੍ਹਾਂ ਦੇ ਨਾਲ ਸਨ। ਬਚਾਅ ਪੱਖ ਅਤੇ ਸਰਕਾਰੀ ਵਕੀਲਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ ਹੈ। ਮੀਡੀਆ ਨੂੰ ਦਾਖਲ ਹੋਣ ਤੋਂ ਰੋਕਿਆ ਗਿਆ। ਮਜੀਠੀਆ ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਅਦਾਲਤ 'ਚ ਆਤਮ ਸਮਰਪਣ ਕਰ



ਦਿੱਤਾ ਹੈ। ਇਸ ਤੋਂ ਬਾਅਦ ਹੀ ਉਹ ਨਿਯਮਤ ਜ਼ਮਾਨਤ ਲਈ ਅਰਜ਼ੀ ਦੇ ਸਕਦਾ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਮਜੀਠੀਆ ਨੂੰ 23 ਫਰਵਰੀ ਤਕ ਰਾਹਤ ਦਿੰਦਿਆਂ ਉਸ ਤੋਂ ਬਾਅਦ ਆਤਮ-ਸਮਰਪਣ ਕਰਨ ਦੇ ਹੁਕਮ ਦਿੱਤੇ ਸਨ। ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਮਜੀਠੀਆ ਖ਼ਿਲਾਫ਼ 20 ਦਸੰਬਰ ਨੂੰ ਮੋਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਮਾਮਲਾ ਦਰਜ ਹੋਣ ਤੋਂ ਬਾਅਦ ਉਹ ਰੂਪੋਸ਼ ਹੋ ਗਿਆ। ਮਜੀਠੀਆ ਨੇ ਪਹਿਲਾਂ ਮੋਹਾਲੀ ਦੀ ਅਦਾਲਤ ਵਿੱਚ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ, ਪਰ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ ਮਜੀਠੀਆ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਰੁਖ ਕੀਤਾ, ਪਰ ਹਾਈਕੋਰਟ ਨੇ 24 ਜਨਵਰੀ ਨੂੰ ਮਜੀਠੀਆ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ। ਇਸ ਤੋਂ ਬਾਅਦ ਮਜੀਠੀਆ ਸੁਪਰੀਮ ਕੋਰਟ ਪਹੁੰਚੇ ਸਨ। ਮਜੀਠੀਆ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਸੀਟ ਤੋਂ ਚੋਣ ਲੜ ਰਹੇ ਸਨ।





ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ 2022, ਨੂੰ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ

**ਲੱਖ-ਲੱਖ ਵਧਾਈਆਂ ਜੀ**

ਕੋਰੋਨਾ ਮਹਾਂਮਾਰੀ ਦੇ ਭਿਆਨਕ ਹੱਲਿਆਂ ਦੇ ਬਾਵਜੂਦ ਸੰਗਤ ਨੇ ਜਿਸ ਸ਼ਰਧਾ ਅਤੇ ਉਤਸ਼ਾਹ ਨਾਲ ਸਮਾਗਮ ਵਿਚ ਭਾਗ ਲਿਆ, ਉਸ ਲਈ ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਕੋਟਿਨ ਕੋਟਿ ਧੰਨਵਾਦ।



**Naresh Swan with his wife and daughter**

# ਪ੍ਰਸ਼ਾਸਨ ਨੇ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਇਆ

## ਡਿਪਟੀ ਕਮਿਸ਼ਨਰ ਵੱਲੋਂ ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਦੀ ਅਪੀਲ




**ਨਵਾਂਸ਼ਹਿਰ (ਸੰਤੋਖ ਸਿੰਘ ਜੱਸੀ)** – ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅੱਜ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਲਈ ਅੱਗੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿ ਪੰਜਾਬ ਸਰਕਾਰ ਵੱਲੋਂ ਵੀ ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਮਾਨਤਾ ਦੇ ਕੇ, ਦਫ਼ਤਰੀ ਕੰਮ ਪੰਜਾਬੀ 'ਚ ਕਰਨ ਦੀ ਦਿੱਤੀ ਹਦਾਇਤ ਦੀ ਜ਼ਿਲ੍ਹੇ ਵਿੱਚ ਹਰ ਪੱਧਰ 'ਤੇ ਪਾਲਣਾ ਕੀਤੀ ਜਾਵੇ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੌਮਾਂਤਰੀ ਮਾਂ-ਬੋਲੀ ਦਿਵਸ ਮੌਕੇ ਕਰਮਚਾਰੀਆਂ ਨੂੰ ਪੰਜਾਬੀ 'ਚ ਕੰਮ ਕਰਨ ਦਾ ਪ੍ਰਣ ਦਿਵਾਉਂਦੇ ਹੋਏ, ਉਨ੍ਹਾਂ ਕਿਹਾ ਕਿ ਪੰਜਾਬ ਵਿਸ਼ਵ ਵਿੱਚ ਸਭਿਅਤਾ ਅਤੇ ਸੰਸਕ੍ਰਿਤੀ ਦਾ ਪੰਘੂੜਾ ਰਿਹਾ ਹੈ ਅਤੇ ਸਾਡੀ ਮਾਂ-ਬੋਲੀ ਪੰਜਾਬੀ ਵਿਸ਼ਵ ਦੀ ਅਮੀਰ ਅਤੇ ਮਿੱਠੀ ਬੋਲੀ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਮਾਂ-ਬੋਲੀ ਪੰਜਾਬੀ ਨੂੰ ਵਿਸ਼ਵ ਪੱਧਰ 'ਤੇ ਜਿਊਂਦੀ ਰੱਖਣ ਅਤੇ ਇਸ ਦੇ ਪ੍ਰਚਾਰ ਅਤੇ ਪਸਾਰ ਲਈ ਭਰਪੂਰ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਵਿਦਵਾਨਾਂ ਅਤੇ ਅਕਾਦਮੀਸ਼ੀਅਨਾਂ ਨੂੰ ਮਾਂ-ਬੋਲੀ ਦੇ ਪ੍ਰਚਾਰ ਅਤੇ ਪਸਾਰ ਦੀ ਲਹਿਰ ਦੀ ਅਗਵਾਈ ਕਰਦੇ ਹੋਏ, ਨੌਜੁਆਨ ਪੀੜ੍ਹੀ ਨੂੰ ਇਸ ਪ੍ਰਤੀ ਹਾਂ-ਪੱਖੀ ਤੇ ਹਾਂਦਰੂ ਸੋਚ ਦੇ ਧਾਰਨੀ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਆਪਣੀ ਮਿਸਾਲ ਦਿੰਦਿਆਂ ਕਿਹਾ ਕਿ ਇੰਜੀਨੀਅਰਿੰਗ ਤੇ ਐਮ ਬੀ ਏ ਕਰਨ ਦੇ ਬਾਵਜੂਦ, ਜੋ ਸੰਤੁਸ਼ਟੀ ਉਨ੍ਹਾਂ ਨੂੰ ਪੰਜਾਬੀ 'ਚ ਗੱਲ ਕਰਕੇ ਮਿਲਦੀ ਹੈ, ਉਸ ਵਰਗੀ ਕੋਈ ਮਿਸਾਲ ਨਹੀਂ। ਉਨ੍ਹਾਂ ਨੇ ਨੌਜੁਆਨ ਪੀੜ੍ਹੀ ਨੂੰ ਖ਼ਬਰਦਾਰ ਕਰਦਿਆਂ ਕਿਹਾ ਕਿ ਆਪਣੀ ਮਾਂ-ਬੋਲੀ ਨਾਲੋਂ ਅਲਹਿਦਗੀ ਸਾਡੀ ਅਮੀਰ ਵਿਰਾਸਤ ਅਤੇ ਸਭਿਆਚਾਰ ਲਈ ਵੱਡਾ ਖਤਰਾ ਬਣ ਸਕਦੀ ਹੈ, ਇਸ ਲਈ ਸਾਨੂੰ ਇਸ ਨੂੰ ਵੱਡੇ ਹਿਰਦੇ ਨਾਲ ਅਪਨਾਉਣਾ ਅਤੇ ਸਵੀਕਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਤਾਂ ਆਪਣੇ ਸਿਰੜੀ ਸੁਭਾਅ ਕਰਕੇ ਹੀ ਜਾਣੇ ਜਾਂਦੇ ਹਨ,ਇਸ ਲਈ ਸਾਨੂੰ ਆਪਣੇ ਸਭਿਆਚਾਰ ਅਤੇ ਮਾਤ ਭਾਸ਼ਾ ਪ੍ਰਤੀ ਵੀ ਸੁਹਿਰਦ ਹੋਣ ਦੀ ਲੋੜ ਹੈ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਦੀਪਾਂਕਰ ਗਰਗ, ਜ਼ਿਲ੍ਹਾ ਮਾਲ ਅਫ਼ਸਰ ਅਜੀਤ ਪਾਲ ਸਿੰਘ ਤੇ ਡੀ ਸੀ ਦਫ਼ਤਰ ਦੇ ਹੋਰ ਕਰਮਚਾਰੀ ਮੌਜੂਦ ਸਨ।

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ 2022, ਨੂੰ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ

**ਲੱਖ-ਲੱਖ ਵਧਾਈਆਂ ਜੀ**

ਕੋਰੋਨਾ ਮਹਾਂਮਾਰੀ ਦੇ ਭਿਆਨਕ ਹੱਲਿਆਂ ਦੇ ਬਾਵਜੂਦ ਸੰਗਤ ਨੇ ਜਿਸ ਸ਼ਰਧਾ ਅਤੇ ਉਤਸ਼ਾਹ ਨਾਲ ਸਮਾਗਮ ਵਿਚ ਭਾਗ ਲਿਆ, ਉਸ ਲਈ ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਕੋਟਿਨ ਕੋਟਿ ਧੰਨਵਾਦ।





**ਸ. ਸੁੱਚਾ ਸਿੰਘ ਅਤੇ ਸਮੂਹ ਪਰਿਵਾਰ**

# Sri Guru Ravidass Sabha Pittsburg (CA) celebrated 645th Parkash Utsav of Satguru Ravidass Ji

## DHAN DHAN SRI GURU RAVIDASS JI
## Bole' So Nirbhay! Guru Ravidass Maharaj Ki Jai












ਬੇਗਮ ਪੁਰਾ ਸਹਰ ਕੋ ਨਾਉ ॥ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ਊਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ਊਹਾਂ ਗਨੀ ਬਸਹਿ ਮਾਮੂਰ ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ਜੋ ਹਮ ਸਹਰੀ ਸੁ ਮੀਤੁ ਹਮਾਰਾ ॥3

Sri Guru Ravidass Ji was born in 1377, in Kanshi, in India, in a humble family of Pita Santokh Dass Ji and Mata Kalsa Devi Ji. Sri Guru Ravidass Ji was a great religious and social reformer. Guru Ji dedicated his whole life for the welfare of the humanity. He preached social harmony and equality among all human beings. He stood against caste based discrimination.

Sri Guru Ravidass Sabha Pittsburg (CA) celebrated 645th Parkash Utsav of SATGURU RAVIDASS JI on Sunday, February 20, 2022 with great enthusiasm at the Gurughar, after two years, devotees had the opportunity to participate in Sri Guru Ravidass Ji'sGurpurab and enjoyed the festivities in such a large number.

Sri Akhand Path Sahib started on Friday February 18, 2022 and concluded on Sunday, February 20, 2022 with Ardass. On Saturday morning, Nishan Sahib Chola Sewa was done by Bhai Sucha Singh Bangar and Bibi Sunita Bangar. In the evening there was Shobha Yatra followed by Kirtan Diwan by Jathaof BhaiRachhpal Singh Ji and Giani Gurnam Singh Ji/Giani Ompal Singh Ji. Committee gave trophies to young Sikhs who have been coming to Gurughar to learn Gurmukhi and Gurbani. We are thankful to Abhishek Pal Narabut and Navdeep Narabut for organizing this.

On Sunday February 20, 2022 Prominent Jatha of Bhai Onkar Singh Ji, Una Sahib Waley mesmerized Sangat with melodious Kirtan and no one moved during Diwan. It was great to see Bhai Onkar Singh Ji perform live. Kirtani Jatha of Bhai Jagjit Singh Ji'sJatha and Bibi Kamaljit Kaur also did Kirtan Sewa.

We are thankful to Honorable Consulate General Dr. T.V. Nagendra Prasad for visiting Gurdwara Sahib with his family. His message to the Sangat was very positive. He praised Dhan Dhan Sahib Sri Guru Ravidass Ji for his preaching of equality and humanity. He recited the words from Gurbani:

**Aisa Chahu Raaj Main Jahan Mile Sabhan Ko Ann,**
**Chot Bade Sabh Sam Base Ravidass Rahe Parsan**

We are also thankful to Consul Dr. Akun Sabharwal for coming to Gurdwara Sahib and he paid his humble respect to Sri Guru Ravidass. He assured the Sangat that the Consulate office will continue to help everyone with Indian Visa, Passportand OCI etc. issues.

There were various vendors selling suits, jewelry and Punjabi items. We can't thank enough volunteers for helping with cooking, cleaning, decorating, painting, parking and food stalls serving ChholeBhature, Samosa, Tikki, Hot Jalebi, Fruit Chaat, Mango Lassi,GolGappe, Vegie Burgers and Gane Da Ras.

The Gurughar Committee members are thankful to Mr. Prem Kumar Chumber Editor-in-Chief Ambedkar Times (English) and Desh Doaba (Punjabi), for covering this event and showing it live.

The Gurughar Committee and volunteers did a wonderful job of organizing this auspicious function. We must thank our Sangat for making this celebration so successful, this can't be done without your help and support. May Guru Ravidass Ji bless entire Sangat with good health and happiness.

**Ramesh Suman**
**Former President / Chairman**
**Sri Guru Ravidass Sabha Pittsburg (CA)**

# Sri Guru Ravidass Sabha Pittsburg (CA) celebrated 645th Parkash Utsav of Satguru Ravidass Ji












All pictures by Prem K. Chumber
www.ambedkartimes.com &
www.deshdoaba.com









# Sri Guru Ravidass Sabha Pittsburg (CA) celebrated 645th Parkash Utsav of Satguru Ravidass Ji































All pictures by Prem K. Chumber
www.ambedkartimes.com &
www.deshdoaba.com







# Sri Guru Ravidass Sabha Pittsburg (CA) celebrated 645th Parkash Utsav of Satguru Ravidass Ji















All pictures by Prem K. Chumber
www.ambedkartimes.com &
www.deshdoaba.com









# Sri Guru Ravidass Sabha Pittsburg (CA) celebrated 645th Parkash Utsav of Satguru Ravidass Ji










All pictures by Prem K. Chumber
www.ambedkartimes.com &
www.deshdoaba.com









# Sri Guru Ravidass Sabha Pittsburg (CA) celebrated 645th Parkash Utsav of Satguru Ravidass Ji






All pictures by Prem K. Chumber
www.ambedkartimes.com &
www.deshdoaba.com















NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
Lic #0144676
HEALTH INSURANCE
LIFE INSURANCE
LONG TERM CARE INS
FUNERAL EXPENSE
RETIREMENT
COLLEGE PLANNING
AUTO * HOME
BUSINESS
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928




Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html




We congratulate Dr. Ronki Ram for conducting a detailed study of the Samyukt Kisan Morcha at the borders of Delhi and grounding it in the golden Pre and Post-Partition Farmers' Struggle in Punjab.

We also sincerely congratulate all Kisan and Mazdoor organizations for leading this longest, largest and the most invigorating as well as deeply peaceful struggle in the history of farmers' movement so far.

**Prem K. Chumber**
Editor-in-Chief: Ambedkar Times

## 21 ਫਰਵਰੀ 2022 ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਬੋਲੀਆਂ ਜਾਂਦੀਆਂ ਨੇ ਜਿਨ੍ਹਾਂ ਵਿੱਚੋਂ ਅੱਧੀਆਂ ਖਤਮ ਹੋਣ ਦੇ ਕਰੀਬ



ਕੁਲਦੀਪ ਚੰਦ
91-9417563054

ਹਰ ਸਮਾਜ ਦੇ ਵਿਕਾਸ ਵਿੱਚ ਮਾਤ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਾਤ ਭਾਸ਼ਾ ਕਿਸੇ ਵੀ ਵਿਅਕਤੀ ਦੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ ਅਤੇ ਉਹ ਭਾਸ਼ਾ ਹੁੰਦੀ ਹੈ ਜਿਸ ਵਿੱਚ ਉਸ ਸਮਾਜ ਦੇ ਲੋਕ ਅਪਣੀ ਗੱਲ ਬਾਤ ਇੱਕ ਦੂਜੇ ਨੂੰ ਚੰਗੀ ਤਰਾਂ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸ ਅਤੇ ਸਮਝਾ ਸਕਦੇ ਹਨ। ਕਈ ਵਾਰ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਵਾਂਗ ਹੀ ਮਾਤ ਭਾਸ਼ਾ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਇਸ ਤਰਾਂ ਦਾ ਹੀ ਮਾਮਲਾ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਵਿੱਚ ਸਾਹਮਣੇ ਆਇਆ। 1947 ਵਿੱਚ ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਵਿੱਚ ਵੀ ਬਾਕੀ ਭਾਸ਼ਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸ਼ਾਵਾਂ ਤੇ ਪਾਬੰਦੀ ਹੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਇਲਾਕੇ ਦੇ ਆਮ ਲੋਕਾਂ ਨੇ ਅੰਦੋਲਨ ਸ਼ੁਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਤ ਭਾਸ਼ਾ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੋਰ ਤੇ ਯਾਦ ਕੀਤਾ ਜਾਂਦਾ ਹੈ। ਮਾਤ ਭਾਸ਼ਾ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਸਾਲ 2022 ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਮੁੱਖ ਉਦੇਸ਼ "ਬਹੁ-ਭਾਸ਼ਾਈ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ ਸਬੰਧੀ ਚੁਣੌਤੀਆਂ ਅਤੇ ਮੌਕੇ, ਬਹੁ-ਭਾਸ਼ਾਈ ਸਿੱਖਿਆ ਨੂੰ ਅੱਗੇ ਵਧਾਉਣ ਅਤੇ ਸਾਰਿਆਂ ਲਈ ਮਿਆਰੀ ਸਿੱਖਿਆ ਅਤੇ ਸਿੱਖਣ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਤਕਨਾਲੋਜੀ ਦੀ ਸੰਭਾਵੀ ਭੂਮਿਕਾ ਤੇ ਚਰਚਾ ਕਰਨਾ ਹੈ।"




ਯੂਨੈਸਕੋ ਵਲੋਂ 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ 2022 ਨੂੰ ਮਨਾਉਣ ਲਈ ਪੈਰਿਸ ਦੇ ਸਮੇਂ ਅਨੁਸਾਰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਇੱਕ ਵੈਬੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਮਾਤ ਭਾਸ਼ਾਵਾਂ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਕੋਵਿਡ-19 ਕਾਰਨ ਸਕੂਲ ਬੰਦ ਹੋਣ ਦੌਰਾਨ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੇ ਸਿੱਖਣ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਤਕਨਾਲੋਜੀ ਦੀ ਵਰਤੋਂ ਕੀਤੀ। ਯੂਨੈਸਕੋ ਦਾ ਮੰਨਣਾ ਹੈ ਕਿ ਸਿੱਖਿਆ ਪਹਿਲੀ ਭਾਸ਼ਾ ਜਾਂ ਮਾਤ ਭਾਸ਼ਾ ਦੇ ਅਧਾਰ ਤੇ ਬਚਪਨ ਤੋਂ ਹੀ ਸ਼ੁਰੂ ਕਰਨੀ ਲਾਜ਼ਮੀ ਹੈ ਕਿਉਂਕਿ ਬਚਪਨ ਦੀ ਸੰਭਾਲ ਅਤੇ ਸਿੱਖਿਆ ਹੀ ਸਿੱਖਿਆ ਦੀ ਬੁਨਿਆਦ ਹੈ। ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਗਿਣਤੀ ਦੀਆਂ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੋਜੂਦਾ ਡੀਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਪੰਜਾਬੀ ਭਾਸ਼ਾ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਸਿਰਫ ਪੰਜਾਬ ਅਤੇ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿੰਦੇ ਲੋਕਾਂ ਵਲੋਂ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਪੰਜਾਬੀ ਇੱਕ ਪ੍ਰਾਚੀਨ ਭਾਸ਼ਾ ਹੈ ਪਰ ਇਸ ਨੇ ਆਪਣਾ ਸਾਹਿਤਕ ਜੀਵਨ ਬਹੁਤ ਦੇਰ ਨਾਲ ਸ਼ੁਰੂ ਕੀਤਾ। ਇਹ 17ਵੀਂ ਸਦੀ ਦੇ ਸ਼ੁਰੂ ਵਿੱਚ ਇੱਕ ਸਾਹਿਤਕ ਭਾਸ਼ਾ ਵਿੱਚ ਵਿਕਸਤ ਹੋਈ ਜਦੋਂ ਕਿ ਹਿੰਦੀ ਅਜੇ ਵੀ ਉਪ- ਭਾਸ਼ਾਵਾਂ ਦਾ ਇੱਕ ਸਮੂਹ ਹੈ। ਭਾਸ਼ਾਵਾਂ ਸਬੰਧੀ ਵਿਸ਼ਵ ਵਿਗਿਆਨਕੋਸ਼ ਐਥਨੋਲੋਗ 2005 ਅਨੁਸਾਰ ਪੰਜਾਬੀ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ 10ਵੇਂ ਨੰਬਰ ਤੇ ਹੈ। ਸਾਡੇ ਗੁਆਂਢੀ ਮੁੱਲਕ ਪਾਕਿਸਤਾਨ ਵਿੱਚ ਲੱਗਭੱਗ 60 ਫਿਸਦੀ ਲੋਕ ਅਤੇ ਭਾਰਤ ਵਿੱਚ ਲੱਗਭੱਗ 2.73 ਫਿਸਦੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਇਸਤੋਂ ਇਲਾਵਾ ਇੰਗਲੈਂਡ, ਅਮਰੀਕਾ, ਅਸਟ੍ਰੇਲੀਆ ਆਦਿ ਵਿੱਚ ਵੀ ਬਹੁਤੇ ਲੋਕਾਂ ਵਲੋਂ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਹ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੀ ਸਰਕਾਰੀ ਭਾਸ਼ਾ ਹੈ ਅਤੇ ਭਾਰਤ ਦੇ ਹੀ ਕਈ ਹੋਰ ਰਾਜਾਂ ਵਿੱਚ ਦੂਜੀ ਅਤੇ ਤੀਜੀ ਭਾਸ਼ਾ ਦਾ ਦਰਜਾ ਹਾਸਲ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾਂ ਕਰ ਸਕੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਲੋਕਾਂ ਦੇ ਸੰਘਰਸ਼ ਤੋਂ ਬਾਦ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਨਹੀਂ ਹੋਇਆ ਹੈ। ਪੰਜਾਬ ਵਿੱਚ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿਖਿੱਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਪੈਪਸੂ ਸਰਕਾਰ ਦਾ ਪਹਿਲਾ ਬਜ਼ਟ ਜੋਕਿ 13 ਅਪ੍ਰੈਲ 1949 ਨੂੰ ਤਿਆਰ ਹੋਇਆ ਸੀ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ। ਪੰਜਾਬ ਰਾਜ ਪੁਨਰਗਠਨ ਤੋਂ ਬਾਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ ਜਿਸ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜਰੂਰੀ ਹੈ। 05 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜਰੂਰੀ ਹੈ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੈ। ਇਸ ਐਕਟ ਦੀ ਸਮੀਖਿੱਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ। ਇਸ ਰਾਜ ਪੱਧਰੀ ਕਮੇਟੀ ਨੂੰ ਜ਼ਿਲ੍ਹਾਂ ਪੱਧਰੀ ਕਮੇਟੀ ਨੂੰ ਨਿਰਦੇਸ਼ ਦੇਣ ਦਾ ਅਧਿਕਾਰ ਹੈ। ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਜਾਵੇਗੀ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ। ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਚਿੰਤਾ ਦੀ ਗੱਲ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਨ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨੂੰ ਰਾਜ ਪੱਧਰ ਤੇ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਇਹ ਐਕਟ ਵੀ ਕੇਵਲ ਕਾਗਜ਼ੀ ਹੀ ਜਾਪਦਾ ਹੈ ਅਤੇ ਹਾਲਤ ਇੱਥੋਂ ਤੱਕ ਖਸਤਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੀ ਅਗਵਾਈ ਕਰਨ ਵਾਲੀਆਂ ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ, ਬਹੁਤੇ ਪੰਜਾਬੀ ਮੰਤਰੀ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਬਹੁਤੇ ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ ਤਾਂ ਫਿਰ ਅਜਿਹੇ ਰਾਜਸੀ ਨੇਤਾ ਅਤੇ ਅਫ਼ਸਰ ਪੰਜਾਬੀ ਭਾਸ਼ਾ ਨੂੰ ਕਿਵੇਂ ਰਾਜ ਪੱਧਰ ਤੇ ਲਾਗੂ ਕਰਨ ਵਿੱਚ ਦਿਲਚਸਪੀ ਲੈ ਸਕਦੇ ਹਨ। ਪਿਛਲੇ ਸਮੇਂ ਵਿੱਚ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ ਕਿ ਪੰਜਾਬ ਵਿੱਚ ਬਹੁਤੇ ਅਧਿਕਾਰੀ ਦੂਜੇ ਰਾਜਾਂ ਦੇ ਹੀ ਕੰਮ ਕਰ ਰਹੇ ਹਨ ਜੋਕਿ ਪੰਜਾਬੀ ਭਾਸ਼ਾ ਨੂੰ ਕਦੇ ਵੀ ਪਹਿਲ ਨਹੀਂ ਦਿੰਦੇ ਹਨ। ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ ਅਤੇ ਜਦੋਂ ਕੁੱਝ ਸਮਾਂ ਪਹਿਲਾਂ ਪੰਜਾਬੀ ਭਾਸ਼ਾ ਦੀ ਵਰਤੋਂ ਲਈ ਕੁੱਝ ਵਿਅਕਤੀਆਂ ਅਤੇ ਸੰਸਥਾਵਾਂ ਨੇ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਤਾਂ ਸਰਕਾਰ ਨੇ ਉਲੱਟ ਅਜਿਹੇ ਵਿਅਕਤੀਆਂ ਖਿਲਾਫ ਹੀ ਕਨੂੰਨੀ ਕਾਰਵਾਈ ਕਰ ਦਿੱਤੀ। ਪੰਜਾਬ ਸਰਕਾਰ ਵਲੋਂ ਕਈ ਵਾਰ ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਲਈ ਕਦਮ ਚੱਕੇ ਗਏ ਹਨ ਜਿਨ੍ਹਾਂ ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ 1967 ਵਿੱਚ ਸੋਧ ਕਰਨ ਲਈ ਨਵੰਬਰ 2021 ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ ਸੋਧ ਬਿਲ 2021 ਪਾਸ ਕੀਤਾ ਗਿਆ ਹੈ ਅਤੇ ਪੰਜਾਬ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜਮੀ ਕੀਤਾ ਗਿਆ ਹੈ ਅਤੇ ਅਜਿਹਾ ਨਾਂ ਕਰਨ ਵਾਲੇ ਵਿਦਿੱਅਕ ਅਦਾਰਿਆਂ ਖਿਲਾਫ ਸੱਖਤ ਕਾਰਵਾਈ ਕਰਨ ਅਤੇ ਭਾਰੀ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ ਅਤੇ ਪੰਜਾਬ ਰਾਜ ਭਾਸ਼ਾ ਆਯੋਗ ਬਣਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਵਲੋਂ ਪੰਜਾਬ ਦੇ ਸਮੂਹ ਦੱਫਤਰਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਅਜਿਹਾ ਨਾਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਦੀਆਂ ਇਹ ਘੋਸ਼ਣਾਵਾਂ ਵੀ ਅਕਸਰ ਨਜਰਅੰਦਾਜ ਹੀ ਹੋ ਰਹੀਆਂ ਹਨ ਅਤੇ ਸਰਕਾਰਾਂ ਦੀ ਲਾਪਰਵਾਹੀ ਕਾਰਨ ਹੀ ਪੰਜਾਬ ਵਿੱਚ ਸਦੀਆਂ ਪੁਰਾਣੀ ਪੰਜਾਬੀ ਭਾਸ਼ਾ ਨੂੰ ਹੁਣ ਤੱਕ ਬਣਦਾ ਰੁਤੱਬਾ ਹਾਸਲ ਨਹੀਂ ਹੋਇਆ ਹੈ। 16 ਨਵੰਬਰ 2021 ਵਿੱਚ ਪੰਜਾਬ ਦੇ ਸਿੱਖਿਆ ਅਤੇ ਭਾਸ਼ਾ ਮੰਤਰੀ ਪਰਗਟ ਸਿੰਘ ਨੇ ਆਪ ਮੰਨਿਆ ਹੈ ਕਿ ਪੰਜਾਬ ਵਿੱਚ ਜ਼ਿਲ੍ਹਾ ਭਾਸ਼ਾ ਅਫਸਰਾਂ ਦੀਆਂ 23 ਪੋਸਟਾਂ ਵਿੱਚੋਂ 21 ਖਾਲੀ ਪਈਆਂ ਹਨ ਜਿਸ ਤੋਂ ਤੁਸੀਂ ਪੰਜਾਬ ਵਿੱਚ ਪੰਜਾਬੀ ਨੂੰ ਵਿਕਸਿਤ ਕਰਨ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਅੰਦਾਜ਼ਾ ਲਗਾ ਸਕਦੇ ਹੋ। ਅਪਣੀ ਮਾਤ ਭਾਸ਼ਾ ਭਾਸ਼ਾ ਪੰਜਾਬੀ ਨੂੰ ਬਚਾਉਣ ਲਈ ਹਰ ਵਰਗ ਦੇ ਲੋਕਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਅੱਗੇ ਆਣਾ ਪਵੇਗਾ ਨਹੀ ਤਾਂ ਹੋਲੀ ਹੋਲੀ ਇਹ ਭਾਸ਼ਾ ਖਤਮ ਹੋ ਜਾਵੇਗੀ ਅਤੇ ਇਸ ਦਿਨ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਹੇਗੀ।

# ਸਿਆਸਤਦਾਨ, ਨੈਤਿਕਤਾ ਅਤੇ ਸਿਆਸੀ ਧੰਦੇਬਾਜ਼ੀ

ਆਮ ਹੀ ਕਿਹਾ ਜਾਂਦਾ ਹੈ ਕਿ ਪਾਰਲੀਮੈਂਟਰੀ ਜਮਹੂਰੀਅਤ ਦਾ ਰਾਮ-ਰੌਲਾ ਬੜਾ ਦਿਲਲਭਾਊ/ਖਿੱਚਪਾਊ ਜਿਹਾ ਸੁਪਨਾ ਜਾਪਦਾ ਹੈ। ਜਿਸ ਅੰਦਰ ਲੋਕਾਂ ਦੀ ਸ਼ਮੂਲੀਅਤ ਦਾ ਬੜਾ ਢੰਡੋਰਾ ਪਿੱਟਿਆ ਜਾਂਦਾ ਹੈ। ਪਰ ਇਹ ਢੰਡੋਰਾ ਚੋਣਾਂ ਦੇ ਦਿਨਾਂ ਤੱਕ ਹੀ ਸੀਮਤ ਹੁੰਦਾ ਹੈ। ਜਦੋਂ ਲੋਕਾਂ ਦੇ ਕਹੇ ਜਾਂਦੇ ਨੁਮਾਂਇਦੇ ਚਾਰ ਕੁ ਦਿਨ ਲੋਕਾਂ ਅੱਗੇ ਹੱਥ ਜੋੜਦੇ ਹਨ, ਵੋਟਾਂ ਵਟੋਰਨ ਵਾਸਤੇ ਮਿੰਨਤ-ਤਰਲਾ ਵੀ ਕਰਦੇ ਹਨ, ਧੱਕਾ-ਧੌਂਸ ਅਤੇ ਕਈ ਹੋਰ ਢੰਗ ਵਰਤਣ ਦੀ ਚਰਚਾ ਵੀ ਨਾਲ ਹੀ ਤੁਰੀ ਰਹਿੰਦੀ ਹੈ। ਪਰ, ਚੁਣੇ ਜਾਣ ਤੋਂ ਬਾਅਦ ਇਹ ਲੋਕ ਸੂਬਾਈ ਅਸੰਬਲੀਆਂ ਜਾਂ ਪਾਰਲੀਮੈਂਟ ਅੰਦਰ ਪਹੁੰਚ ਜਾਂਦੇ ਹਨ ਤਾਂ ਫੌਰਨ ਤੋਂ ਪਹਿਲਾਂ ਰੰਗ ਬਦਲ ਲੈਂਦੇ ਹਨ। ਇਨ੍ਹਾਂ ਦੇ ਝੂਠ ਦਾ ਮੁਲੰਮਾ ਬੜੀ ਛੇਤੀ ਉਤਰ ਜਾਂਦਾ ਹੈ।

ਸੇਵਾ ਦਾ ਸਬੰਧ ਨੈਤਿਕਤਾ ਨਾਲ ਹੁੰਦਾ ਹੈ, ਪਰ ਸਿਆਸਤਦਾਨ ਸੇਵਾ ਦੇ ਨਾਮ 'ਤੇ ਹੀ ਧੰਦਾ ਕਰਦੇ ਹਨ। ਧਨਾਢ ਲੋਕਾਂ ਵਾਸਤੇ ਸਿਆਸਤ ਧੰਦਾ (ਨਿਵੇਸ਼) ਹੈ, ਵੱਧ ਮੁਨਾਫਾ ਕਮਾਉਣ ਦਾ ਸਾਧਨ, ਜਿਸਨੂੰ ਉਹ ਸੇਵਾ ਕਹਿੰਦੇ ਹਨ ਪਰ, ਸੇਵਾ ਕਰਦੇ ਹਨ ਆਪਣੀ ਤੇ ਆਪਣਿਆਂ ਦੀ। ਸ਼ਾਇਦ ਅਜਿਹੇ ਨੂੰ ਦੇਖਦਿਆਂ ਹੀ ਇੰਗਲੈਂਡ ਦੇ ਜਾਰਜ ਚੌਥੇ ਨੇ ਕਈ ਸਦੀਆਂ ਪਹਿਲਾਂ ਕਿਹਾ ਸੀ ਕਿ "ਸਿਆਸਤ ਲੁੱਚਿਆਂ ਦੀ ਖੇਡ ਹੈ", ਹੁਣ ਇਹ ਸਭ ਦੇ ਸਾਹਮਣੇ ਖੇਡੀ ਜਾ ਰਹੀ ਹੈ, ਲੋਕ ਦੇਖ ਰਹੇ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਸਿਆਸੀ ਆਗੂ ਸੰਵਿਧਾਨਕ ਅਹੁਦਿਆਂ 'ਤੇ ਪਹੁੰਚਦਿਆਂ ਹੀ ਆਪਣੇ ਫਰਜ਼ਾਂ ਦੀ ਇਮਾਨਦਾਰੀ ਨਾਲ ਪੂਰਤੀ ਕਰਨ ਦੀ ਸਹੁੰ ਖਾ ਕੇ ਵੀ ਤੁਰੰਤ ਨੈਤਿਕਤਾ ਦਾ ਪੱਲਾ ਛੱਡ ਦੇਣ। ਇਹ ਤਾਂ ਅਵਾਰਾ ਹੋ ਜਾਣ ਦੀ ਕਵਾਇਦ ਹੀ ਕਹੀ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਹੀ ਲੋਕਰਾਜੀ ਰਵਾਇਤਾਂ ਦਾ ਘਾਣ ਹੁੰਦਾ ਹੈ। ਇਸ ਨਾਲ ਲੋਕਾਂ ਦਾ ਸਿਆਸਦਾਨਾਂ ਤੋਂ ਵਿਸ਼ਵਾਸ ਵੀ ਉੱਠ ਜਾਂਦਾ ਹੈ।

ਚੋਣਾਂ ਲੜਨੀਆਂ ਹਰ ਨਾਗਰਿਕ ਦਾ ਅਧਿਕਾਰ ਹੈ, ਪਰ ਚੋਣਾਂ ਲੜਨ ਵਾਲੇ ਵਿਅਕਤੀ ਲੋਕਾਂ ਨਾਲ ਵਾਅਦਾ ਕਰਦੇ ਹਨ ਕਿ ਜਿੱਤ ਕੇ ਅਸੀਂ ਤੁਹਾਡੇ ਹੱਕਾਂ ਦੀ ਰਾਖੀ ਦਾ ਵਚਨ ਦਿੰਦੇ ਹਾਂ। ਪੰਜ ਸਾਲ ਦੀ ਮਿਆਦ ਵਾਸਤੇ ਚੋਣ ਹੁੰਦੀ ਹੈ। ਇਸ ਵੇਲੇ ਪੰਜਾਬ ਦੇ ਚੋਣ ਦ੍ਰਿਸ਼ ਅੰਦਰ ਦੋ ਵਿਅਕਤੀ ਅਜਿਹੇ ਚੋਣ ਲੜ ਰਹੇ ਹਨ ਜਿਨ੍ਹਾਂ ਨੇ 2019 'ਚ ਪਾਰਲੀਮੈਂਟ ਦੀਆਂ ਚੋਣਾਂ ਲੜੀਆਂ ਤੇ ਜਿੱਤ ਕੇ ਵਾਅਦਾ ਕੀਤਾ ਕਿ ਅਸੀਂ ਪੰਜ ਸਾਲ ਵਾਸਤੇ (2019 ਤੋਂ 2024 ਤੱਕ) ਪਾਰਲੀਮੈਂਟ ਅੰਦਰ ਤਹਾਡੇ ਹੱਕਾਂ ਦੀ ਰਾਖੀ ਕਰਾਂਗੇ। ਪਰ ਹੁਣ ਦੋਵੇਂ ਪਾਰਲੀਮੈਂਟ ਵਿਚ ਪਹੁੰਚੇ ਹੋਏ ਮੈਂਬਰ ਵੱਧ ਮੁਨਾਫੇ ਵਾਲੀ ਹੱਟੀ (ਮੁੱਖ ਮੰਤਰੀ ਦਾ ਅਹੁਦਾ) ਖਾਤਰ ਲੋਕਾਂ ਨਾਲ ਕੀਤਾ ਆਪਣਾ ਵਾਅਦਾ ਤੋੜ ਰਹੇ ਹਨ। ਇੱਥੇ ਹੋ ਸਕਦਾ ਕਾਨੂੰਨੀ ਪੱਖੋਂ ਉਹ ਠੀਕ ਵੀ ਹੋਣ ਪਰ ਨੈਤਿਕ ਪੱਖੋਂ ਸਰਾਸਰ ਗਲਤ ਹੀ ਨਹੀਂ, ਇਹ ਤਾਂ ਲੋਕਾਂ ਨਾਲ ਧੋਖਾ ਕਰਨ ਦੇ ਬਰਾਬਰ ਹੈ। ਕਿਉਂਕਿ ਜੇ ਉਹ ਜਿੱਤ ਜਾਣ ਤਾਂ ਪਾਰਲੀਮੈਂਟ ਵਾਲੀ ਸੀਟ ਛੱਡਣਗੇ, ਜਿਸ ਨਾਲ ਦੁਬਾਰਾ ਉਸ ਸੀਟ 'ਤੇ ਜਿਮਨੀ ਚੋਣ ਹੋਵੇਗੀ। ਉਨ੍ਹਾਂ ਦੀ ਵੱਧ ਇਸ ਮੁਨਾਫੇ ਵਾਲੀ ਸਿਆਸੀ ਹਵਸ (ਹੱਟ) ਦਾ ਲੋਕ ਕਿਉਂ ਮੁੱਲ ਤਾਰਨ? ਪੰਜਾ ਸਾਲ ਵਾਸਤੇ (ਅਜੇ ਦੋ ਸਾਲ ਹੋਰ ਰਹਿੰਦੇ ਹਨ) ਦਿੱਤੇ ਹੋਏ ਉਨ੍ਹਾਂ ਦੇ ਵਚਨ ਦਾ ਕੀ ਬਣੇਗਾ ? ਕੀ ਉਹ ਆਪਣੇ ਆਪ ਨੂੰ ਨੈਤਿਕਤਾਵਾਦੀ ਅਖਵਾ ਸਕਣਗੇ ? ਸਾਡੇ ਸਮਾਜਿਕ ਅਤੇ ਧਾਰਮਿਕ ਜੀਵਨ ਦਾ ਅਧਾਰ ਹੀ ਤਕੜੀ ਨੈਤਿਕਤਾ ਹੈ, ਇਸੇ ਨੂੰ ਹੀ ਮਨੁੱਖ ਦਾ ਚਰਿਤ੍ਰ ਵੀ ਕਿਹਾ ਜਾਂਦਾ ਹੈ । ਨੈਤਿਕਤਾ ਨੂੰ ਤਿਲਾਂਜਲੀ ਦੇਣ ਵਾਲੇ ਇਨਸਾਨ ਕੋਲ ਬਚਦਾ ਹੀ ਕੀ ਹੈ ? ਇਹ ਇਨਸਾਨੀ ਕਦਰਾਂ-ਕੀਮਤਾਂ ਤੋਂ ਮੁਨਕਰ ਹੋਣਾ ਵੀ ਹੈ।

ਪੰਜਾਂ ਸਾਲ ਪਹਿਲਾਂ ਹੋਈਆਂ ਚੋਣਾਂ ਅੰਦਰ ਲੋਕਾਂ ਦੇ ਟੈਕਸਾਂ ਦਾ ਪੈਸਾ ਖਰਚ ਹੋਇਆ, ਹੁਣ ਦੁਬਾਰਾ ਫੇਰ ਸੀਟ ਖਾਲੀ ਹੋਣ ਦੀ ਸੂਰਤ ਵਿਚ ਲੋਕਾਂ ਦੇ ਟੈਕਸਾਂ ਦਾ ਪੈਸਾ ਹੀ 'ਫੂਕਿਆ' ਜਾਵੇਗਾ, ਬਿਨਾ ਕਿਸੇ ਕਾਰਨ। ਸਿਰਫ ਕਿਸੇ ਨੂੰ ਵੱਧ ਮੁਨਾਫਾ ਕਮਾਉਣ ਦਾ ਲੋਭ ਹੈ ਇਸ ਕਰਕੇ ? ਅਜਿਹੇ ਸਮੇਂ ਉਨ੍ਹਾਂ ਚੋਣ ਲੜਨ ਦੇ ਚਾਹਵਾਨ ਵਿਅਕਤੀਆਂ ਨੂੰ ਇਖ਼ਲਾਕੀ ਜ਼ੁੰਮੇਵਾਰੀ ਸਮਝਦਿਆਂ ਹੋਇਆਂ ਪਹਿਲਾਂ ਆਪਣੀ ਪਾਰਲੀਮੈਂਟ ਦੀ ਸੀਟ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਦੋ ਵਾਰ ਚੋਣਾਂ ਦਾ ਸਰਕਾਰੀ ਖਰਚ ਹੋਇਆ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਮਾਂ ਕਰਵਾਉਣਾ ਚਾਹੀਦਾ ਹੈ, ਤਾਂ ਇਹ ਮੰਨਿਆ ਜਾ ਸਕਦਾ ਹੈ ਕਿ ਸਬੰਧਤ ਵਿਅਕਤੀ ਮਾੜੇ-ਮੋਟੇ ਇਖ਼ਲਾਕ ਦਾ ਮਾਲਕ ਹੈ, ਅਤੇ ਨੈਤਿਕਤਾ ਦੀ ਸ਼ਰਮ ਖਾਂਦਾ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਅਜਿਹੇ ਵੱਧ ਮੁਨਾਫਾ ਕਮਾਉਣ ਦੀ ਬਿਰਤੀ ਵਾਲੇ ਸਿਆਸੀ ਧੰਦੇਬਾਜਾਂ ਨੂੰ ਹਰ ਹੀਲੇ ਨਕਾਰਨ ਦਾ ਜਤਨ ਕਰਨ, ਨਹੀਂ ਤਾਂ ਲੋਕ ਵੀ ਇਸ ਇਖ਼ਲਾਕਹੀਣਤਾ ਦੀ ਸਹਾਇਤਾ ਕਰਨ ਵਾਲਿਆਂ ਵਿਚ ਸ਼ਾਮਲ ਹੋ ਜਾਣਗੇ । ਲੋਕਰਾਜੀ ਰਵਾਇਤਾਂ ਦੀ ਰਾਖੀ ਕਰਨੀ, ਗਲਤ ਨੂੰ ਗਲਤ ਅਤੇ ਠੀਕ ਨੂੰ ਠੀਕ ਕਹਿਣਾ ਅਤੇ ਉਸ ਉੱਤੇ ਅਮਲ ਕਰਨਾ ਹਰ (ਚੰਗੇ ਇਨਸਾਨ) ਨਾਗਰਿਕ ਦਾ ਫ਼ਰਜ਼ ਹੁੰਦਾ ਹੈ।

ਅਜਿਹਾ ਹੀ ਕਿੱਸਾ ਹੁੰਦਾ ਹੈ ਜਦੋਂ ਕੋਈ ਵਿਅਕਤੀ ਇੱਕੋ ਸਮੇਂ ਦੋ ਅਸੰਬਲੀ ਹਲਕਿਆਂ ਅੰਦਰ ਚੋਣ ਲੜ ਰਿਹਾ ਹੋਵੇ, ਦੋਵੇਂ ਥਾਹੀਂ ਜਿੱਤ ਜਾਣ ਤੋਂ ਬਾਅਦ ਉਸ ਨੇ ਵੀ ਇਕ ਸੀਟ ਖਾਲੀ ਕਰਨੀ ਹੁੰਦੀ ਹੈ । ਅਜਿਹੇ ਵਿਅਕਤੀ ਤੋਂ ਵੀ ਉਸ ਅਸੰਬਲੀ ਸੀਟ 'ਤੇ ਦੋ ਵਾਰ ਬਿਨਾਂ ਕਿਸੇ ਕਾਰਨ ਹੋਇਆ ਸਰਕਾਰੀ ਖਰਚਾ (ਲੋਕਾਂ ਦੈ ਟੈਕਸਾਂ ਦਾ ਪੈਸਾ) ਵਸੂਲ ਕੀਤਾ ਜਾਣਾ ਚਾਹੀਦਾ ਹੈ। ਤਾਂ ਹੀ ਇਸ ਗਲਤ ਰੁਝਾਨ ਨੂੰ ਰੋਕਿਆ ਜਾ ਸਕਦਾ ਹੈ। ਇਹ ਕਹੀ ਜਾਣਾ ਕਿ ਕਾਨੂੰਨ ਇਜ਼ਾਜਤ ਦਿੰਦਾ ਹੈ, ਕਿਸੇ ਬੁਰਾਈ ਦੀ ਹਮਾਇਤ ਕਰਨ ਦੇ ਬਰਾਬਰ ਹੈ। ਜੋ ਕਾਨੂੰਨ ਬੁਰਾਈ ਨੂੰ ਵਧਾਉਂਦਾ ਹੋਵੇ ਉਸ ਨੂੰ ਬਦਲਿਆ ਜਾਣਾ ਚਾਹੀਦਾ ਹੈ।

ਕਿਉਂਕਿ ਸਿਆਸਤ ਬਾਕੀ ਧੰਦਿਆ ਵਾਂਗ ਨਿਰੋਲ ਧੰਦਾ (ਬਿਜ਼ਨਸ) ਹੀ ਹੋ ਗਿਆ ਹੈ। ਸ਼ਾਇਦ ਇਸ ਕਰਕੇ ਹੀ ਭਾਰਤ ਦੇ ਉੱਘੇ ਲੇਖਕ ਅਤੇ ਚਿੰਤਕ ਰਾਹੀ ਮਾਸੂਮ ਰਜ਼ਾ ਨੇ ਕਈ ਸਾਲ ਪਹਿਲਾਂ ਇਸ ਬਾਰੇ ਲਿਖਿਆ ਸੀ ਕਿ "ਆਧੁਨਿਕ ਭਾਰਤ ਅੰਦਰ ਇਹ ਤੈਅ ਕਰਨਾ ਮੁਸ਼ਕਿਲ ਹੈ ਕਿ ਧਰਮ ਵੱਡਾ ਵਿਉਪਾਰ ਹੈ ਜਾਂ ਰਾਜਨੀਤੀ, ਪਰੰਤੂ ਦੋਹਾਂ ਵਿਉਪਾਰਾਂ ਵਿਚ ਪੈਸਾ ਸਮਗਲਿੰਗ ਤੋ ਵੀ ਜ਼ਿਆਦਾ ਹੈ। ਇਸ ਕਰਕੇ ਹੀ ਜਿਸ ਨੂੰ ਵੀ ਦੇਖੋ ਉਹ ਹੀ ਰਾਜਨੀਤੀ ਅਤੇ ਧਰਮ ਦੇ ਧੰਦੇ ਵਿਚ ਜਾਣ ਵਾਸਤੇ ਕਾਹਲ਼ਾ ਹੈ")। ਅਜੋਕੀ ਸਥਿਤੀ ਵੱਲ ਨਿਗਾਹ ਮਾਰਦਿਆਂ ਕਿਹਾ ਜਾ ਸਕਦਾ ਕਿ ਰਾਹੀ ਦਾ ਕਿਹਾ ਬਿਲਕੁੱਲ ਸੱਚ ਹੈ।

ਆਪ ਵਿਕਣ ਵਾਲੇ ਸਿਆਸੀ ਨੇਤਾ ਲੋਕਾਂ ਨੂੰ ਵੋਟ ਨਾ ਵੇਚਣ ਦਾ ਹੋਕਾ ਦੇ ਰਹੇ ਹਨ। ਵਿਕਾਊ ਲੀਡਰੋ!"ਸ਼ਾਬਾਸ਼ੇ" ਤੁਹਾਡੀ ਨੈਤਿਕਤਾ ਅਤੇ "ਅਣਖ" ਦੇ, ਜਿਹੜੀ ਤੁਹਾਡੇ ਕੋਲ ਹੈ ਹੀ ਨਹੀਂ। ਆਪ ਦੂਸਰਿਆਂ ਨੂੰ ਮੱਤਾ ਦੇ ਰਹੇ ਹਨ। ਜੇ ਇਸਦਾ ਸਬੂਤ ਭਾਲਦੇ ਹੋ ਤਾਂ ਵੱਖੋ-ਵੱਖ ਸਿਆਸੀ ਦਲਾਂ ਵਿਚ ਹੁਣੇ ਸ਼ਾਮਲ ਹੋਏ (ਟਿਕਟਾਂ ਦੇ ਚਾਹਵਾਨ) ਅਤੇ ਪਾਰਟੀ ਦੇ ਐਲਾਨੇ ਉਮੀਦਵਾਰਾਂ ਦੀ ਲਿਸਟ 'ਤੇ ਇਕ ਵਾਰ ਨਿਗਾਹ ਜਰੂਰ ਮਾਰ ਲਿਉ, "ਦਰਸ਼ਣ" ਕਰਿਉ "ਮਹਾਂਪੁਰਸ਼ਾਂ" ਦੇ, ਇਹ

ਅਗਲਾ ਸੱਚ ਇਹ ਵੀ ਹੈ ਕਿ ਇਨ੍ਹਾਂ ਨਕਲੀ "ਸੇਵਾਦਾਰਾਂ" ਦੀਆਂ ਜਾਇਦਾਦਾਂ ਵੱਲ ਨਿਗਾਹ ਮਾਰੋ ਤਾਂ ਹੈਰਾਨੀ ਹੁੰਦੀ ਹੈ। ਕਰੋੜਾਂ ਤੋਂ ਅਰਬਾਂਪਤੀ ਬਣ ਰਹੇ ਹਨ। ਚੋਣਾਂ 'ਤੇ ਬੇਹਿਸਾਬਾ ਖਰਚ ਕਰਦੇ ਹਨ। (ਚੋਣ ਕਮਿਸ਼ਨ ਨੂੰ ਖਰਚ ਦੇ ਦਿੱਤੇ ਅੰਕੜੇ ਸ਼ੱਕੀ ਹੁੰਦੇ ਹਨ) ਚੋਣ ਲੜਨ ਸਮੇਂ ਹਰ ਉਮੀਦਵਾਰ ਵਲੋਂ ਜਾਇਦਾਦ ਦਾ ਵੇਰਵਾ ਦਿੱਤਾ ਜਾਂਦਾ ਹੈ। ਪਹਿਲੀ ਗੱਲ ਕਿ ਕਿੰਨੇ ਕੁ ਹਨ ਜਿਹੜੇ ਜਾਇਦਾਦ ਬਾਰੇ ਸੱਚ ਬੋਲਦੇ ਹਨ ? ਚੋਣ ਕਮਿਸ਼ਨ ਵੇਰਵੇ ਵਾਲਾ ਹਲਫਨਾਮਾ ਫੜ ਕੇ ਰੱਖ ਲੈਂਦਾ ਹੈ। ਇਹ ਕਿਉਂ ਨਹੀਂ ਪੁੱਛਿਆ ਜਾਂਦਾ ਕਿ ਇਹ ਮਾਲ-ਮੱਤਾ ਆਇਆ ਕਿੱਥੋਂ। ਚੋਣ ਲੜ ਰਹੇ ਉਮੀਦਵਾਰਾਂ ਦੇ ਹਲਫਨਾਮੇ ਦੇਖੋਗੇ ਤਾਂ ਹੈਰਾਨ ਰਹਿ ਜਾਵੋਗੇ ਕਿ ਗਰੀਬ ਸੂਬੇ ਦੇ ਇੰਨੇ ਅਮੀਰ ਸਿਆਸਤਦਾਨ। ਜੇ ਇਹ ਇਮਾਨਦਾਰ ਹਨ ਤਾਂ ਇਨ੍ਹਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਦੀਆਂ ਅਵਾਗੌਣ ਜਾਇਦਾਦਾਂ ਵਧਾਉਣ ਵਾਲੀ "ਟਕਸਾਲ" ਕਿੱਥੇ ਲੱਗੀ ਹੈ? ਇਨ੍ਹਾਂ ਦੀ ਆਮਦਨ ਦੇ ਸਾਰੇ ਸ੍ਰੋਤ ਪੁੱਛੇ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਘੋਖਵੀਂ ਪੜਤਾਲ ਕੀਤੀ ਜਾਣੀ ਚਾਹੀਦੀ ਹੈ, ਦਿੱਤੇ ਤੱਥਾਂ ਵਾਲਾ ਹਲਫਨਾਮਾ ਝੂਠਾ ਸਾਬਤ ਹੋਣ ਵਾਲੇ ਵਾਸਤੇ ਕਿਸੇ ਨਾ ਕਿਸੇ ਬਣਦੀ ਸਜ਼ਾ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ।

ਸਿਆਸਤਦਾਨ ਜਿਸ ਸੂਬੇ ਦੀ "ਸੇਵਾ" ਕਰਨ ਦਾ ਦੰਭ ਕਰ ਰਹੇ ਹਨ ਉੱਥੇ ਹਰ ਪਾਸੇ ਮੰਦਹਾਲੀ / ਬਦਹਾਲੀ ਵਧ ਰਹੀ ਹੋਵੇ। ਨਾ ਚੱਜ ਦੀ ਸਿੱਖਿਆ, ਨਾ ਸਿਹਤ ਸਹੂਲਤਾਂ, ਸੂਬੇ ਦੇ ਸਿਰ ਕਰਜ਼ਾ ਛਾਲਾਂ ਮਾਰ ਕੇ ਵਧ ਰਿਹਾ ਹੋਵੇ ਅਤੇ ਉਹ ਖਰਚਿਆ ਕਿੱਥੇ ਜਾ ਰਿਹਾ ਹੈ ਲੋਕਾਂ ਨੂੰ ਪਤਾ ਤਾਂ ਲੱਗੇ, ਕਿ ਸੂਬੇ ਦੇ "ਵਿਕਾਸ ਕਾਰਜ" ਕਰਨ 'ਤੇ ਕਿੰਨਾ ਖਰਚ ਹੋਇਆ ਅਤੇ ਸਿਆਸਤਦਾਨਾਂ ਦੇ ਆਪਣੇ ਘਰੀਂ ਕਿੰਨਾ ਗਿਆ? ਪੰਜਾਬ ਦੇ ਲੋਕਾਂ ਦੀ ਬਦਹਾਲੀ ਵਧ ਰਹੀ ਹੋਵੇ, ਲੋਕਾਂ ਸਿਰ ਕਰਜ਼ਾ ਚੜ੍ਹ ਰਿਹਾ ਹੋਵੇ ।

ਪੰਜਾਬ ਦੇ ਸਿਰ 1980 ਤੱਕ1009 ਕਰੋੜ ਰੁਪਏ ਦਾ ਕਰਜ਼ਾ ਸੀ ਜੋ ਹੁਣ ਵਧ ਕੇ ਕਰੀਬਨ 3 ਲੱਖ ਕਰੋੜ ਰੁਪਏ ਹੋ ਗਿਆ ਹੈ, ਕਿਵੇਂ ਹੋਇਆ ਇਹ? ਇਹ ਵੀ ਆਮ ਸੁਣਨ ਵਿਚ ਆਉਂਦਾ ਹੈ ਕਿ ਪੰਜਾਬ ਸਿਰ ਕੁੱਲ ਕਰਜ਼ਾ 5 ਲੱਖ ਕਰੋੜ ਰੁਪਏ ਦੇ ਲੱਗਪਗ ਹੈ। ਆਮ ਵਿਅਕਤੀ ਦੀ ਆਮਦਨ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ। ਲੋਕਾਂ ਦੀ ਖਰੀਦ ਸ਼ਕਤੀ ਲਗਾਤਾਰ ਘਟ ਰਹੀ ਹੋਵੇ ਅਤੇ ਧਨਾਢਾਂ ਅਤੇ ਸਿਆਸਤਦਾਨਾਂ ਦੇ ਅਸਾਸੇ ਲਗਾਤਾਰ ਬਿਨਾਂ ਰੋਕ-ਟੋਕ ਵਧ ਰਹੇ ਹੋਣ। ਸਰਕਾਰੀ ਸਹੂਲਤਾਂ ਨਾਲ ਇਨ੍ਹਾਂ ਲੋਕ ਸੇਵਕਾਂ ਦੇ ਵਾਰੇ-ਨਿਆਰੇ ਹੋ ਰਹੇ ਹੋਣ। ਸਰਮਾਏ ਦਾ ਚਲਣ ਉਵੇਂ ਨਹੀਂ ਹੋ ਰਿਹਾ ਜਿਵੇਂ ਹੋਣਾ ਚਾਹੀਦਾ ਹੈ, ਇਹ ਕੁੱਝ ਹੱਥਾਂ ਵਿਚ ਸੀਮਤ ਹੋ ਰਿਹਾ ਹੈ, ਇਸ ਦੇ ਸਿੱਟੇ ਵਜੋਂ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਰਹੇ ਹਨ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਲੀਡਰ ਸਟੇਜਾਂ ਤੋਂ ਆਮ ਹੀ ਬਾਬੇ ਨਾਨਕ ਦੇ ਕਹੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ" ਦਾ ਗੁਣ-ਗਾਣ ਕਰਦੇ ਰਹਿੰਦੇ ਹਨ। ਚੋਣਾਂ ਵੇਲੇ ਬਾਬੇ ਦਾ ਆਦੇਸ਼ ਕਿਉਂ ਯਾਦ ਨਹੀਂ ਰਹਿੰਦਾ? ਟਿਕਟਾਂ ਵੰਡਣ ਵੇਲੇ ਸਾਰੀਆਂ ਸਿਆਸੀ ਧਿਰਾਂ ਨੇ ਗੁਰੂ ਸਾਹਿਬ ਦੇ ਇਸ ਸੰਦੇਸ਼ ਵੱਲ ਪਿੱਠ ਕਰਕੇ ਆਪਣੇ ਉਮੀਦਵਾਰ ਤੈਅ ਕੀਤੇ ਹਨ।



ਕੇਹਰ ਸ਼ਰੀਫ
+49 173 3546050

ਕੋਈ ਵੀ ਸਿਆਸੀ ਧਿਰ ਇਸ ਦਾ ਜਵਾਬ ਨਹੀਂ ਦਿੰਦੀ ਕਿ ਉਨ੍ਹਾਂ ਨੇ ਅੱਧੀ ਆਬਾਦੀ ਨੂੰ ਅਣਗੌਲਿਆਂ ਕਿਉਂ ਕੀਤਾ ? ਕਿਸਾਨ ਸਮਾਜ ਮੋਰਚੇ ਦੇ ਆਗੂਆਂ ਨੂੰ ਹੋਰ ਵੀ ਸਖਤੀ ਨਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਕਿਸਾਨ ਸੰਘਰਸ਼ ਵੇਲੇ ਬੀਬੀਆਂ ਦਾ ਯੋਗਦਾਨ ਤੁਹਾਨੂੰ ਕਿਉਂ ਚੇਤੇ ਨਹੀਂ ਰਿਹਾ ? ਇਹ ਬੀਬੀਆਂ ਦੀ ਕਦਰ ਘਟਾਈ ਕਰਨਾ ਨਹੀਂ ਹੈ ਤਾਂ ਹੋਰ ਕੀ ਹੈ? ਸਦੀਆਂ ਤੋਂ ਤੁਰੀ ਆਉਂਦੀ ਪੰਜਾਬੀ ਰੀਤ-ਰਵਾਇਤ ਸਰਬੱਤ ਦਾ ਭਲਾ ਚਾਹੁਣ ਵਾਲੇ, ਮਰਦ-ਔਰਤ ਦੀ ਬਰਾਬਰੀ ਵਾਲਾ ਸਮਾਜ ਸਿਰਜਣ ਦੇ ਚਾਹਵਾਨ ਹਰ ਵਿਅਕਤੀ ਨੂੰ ਇਸ ਮਰਦਾਵੀ ਧੌਂਸ ਵਾਲੇ ਵਰਤਾਰੇ ਦਾ ਵਿਰੋਧ ਕਰਨਾ ਚਾਹੀਦਾ ਹੈ।

ਆਪੇ ਹੀ ਸਿਆਸਤ ਦੇ "ਪੌਂਗਾ ਪੰਡਿਤ" ਬਣਕੇ ਘੁੰਮਣ ਵਾਲੇ ਸਿਆਸੀ ਪਾਰਟੀਆਂ ਨਾਲ ਜੁੜੇ ਲੋਕ ਵੀ ਪੰਜਾਬ ਦੀ ਬਿਹਤਰੀ ਵਾਸਤੇ ਆਪੋ ਆਪਣੇ ਲੀਡਰਾਂ ਅੱਗੇ ਪੰਜਾਬ ਦੇ ਮਸਲਿਆਂ ਪ੍ਰਤੀ ਆਵਾਜ਼ ਚੁੱਕਣ । ਇਹ ਵੀ ਭੁੱਲੋ ਨਾ ਕਿ ਤੁਸੀਂ ਸਿਆਸੀ ਕਾਮੇ/ਕਾਰਕੁੰਨ ਹੋ, ਪਰ ਜਿਨ੍ਹਾਂ ਨੂੰ ਤੁਸੀਂ ਆਪਣੇ ਲੀਡਰ ਸਮਝਦੇ ਹੋ ਉਹ ਤੁਹਾਨੂੰ ਆਪਣੇ ਸਿਆਸੀ ਢੱਗੇ ਬਣਾ ਕੇ ਵਰਤ ਰਹੇ ਹਨ। ਅਜਿਹੇ ਲੋਕ ਦੁਸ਼ਮਣ ਵਰਤਾਰਿਆਂ ਨੂੰ ਨਾਂਹ ਕਹਿਣੀ ਸਿੱਖੋ, ਤੁਸੀਂ ਸਿਆਸੀ ਢੱਗੇ ਨਾ ਬਣੋ ਆਪਣੇ ਪੰਜਾਬ ਨੂੰ ਬਚਾਉ, ਇਹੀ ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਨੂੰ ਬਚਾਉਣ ਦਾ ਵੇਲਾ ਤੇ ਰਾਹ ਹੈ, ਜੇ ਖੁੰਝ੍ਹ ਗਏ ਤਾਂ ਭੁੱਲਿਉ ਨਾ ਕਿ ਰਾਹੋਂ ਭਟਕਿਆਂ ਨੂੰ ਕੋਈ ਨਹੀਂ ਪੁੱਛਦਾ ਹੁੰਦਾ ।

ਪੰਜਾਬੀਆਂ ਦਾ ਮਾਣ ਰਾਜਾ ਪੋਰਸ ਦੁਨੀਆਂ ਦੀ ਮਹਾਨ ਸਲਤਨਤ ਦੇ ਮਾਲਕ ਕਹੇ ਜਾਂਦੇ ਸਿਕੰਦਰ ਮਹਾਨ ਅੱਗੇ ਵੀ ਨਹੀਂ ਸੀ ਝੁਕਿਆ, ਪਰ ਹੁਣ ਦੇ ਪੰਜਾਬੀ ਖਾਸ ਕਰਕੇ ਸਿਆਸਤ ਪਿੜ ਵਿਚਲੇ ਲਾਲਚੀ, ਛੋਟੇ-ਮੋਟੇ ਸਿਆਸੀ ਅਹੁਦੇ ਦੀ ਉਡੀਕ ਵਿਚ ਹੀ ਕਿਸੇ ਵੀ "ਅਲੀ ਬਾਬਾ" ਦੀ ਲੱਤ ਹੇਠ ਲੰਘਣ ਵਾਸਤੇ ਲਾਲਚ ਵੱਸ ਆਪ ਹੀ ਤਿਆਰ ਹੋ ਜਾਂਦੇ ਹਨ। ਪਹਿਲਾਂ ਪੰਜਾਬ ਵਿਚ ਇਕ "ਅਲੀ ਬਾਬਾ" ਦੀ ਤੇ ਉਹਦੇ ਚਾਲ਼ੀ ਚੋਰਾਂ ਦੀ ਚਰਚਾ ਹੁੰਦੀ ਸੀ, ਪਰ ਹੁਣ ਦੂਸਰੇ ਹੋਰ "ਅਲੀ ਬਾਬਿਆਂ" ਤੇ ਉਨ੍ਹਾਂ ਦੇ ਪੰਜਤਾਲੀ ਤੇ ਪਚਵੰਜਾ ਚੋਰਾਂ ਦਾ ਰੌ਼ਲਾ ਪੈ ਰਿਹਾ। ਪੰਜਾਬ ਅਣਖ ਗੁਆ ਕੇ ਜਾਊ ਕਿੱਧਰ ਨੂੰ? ਇਨ੍ਹਾਂ ਚੋਣਾਂ ਵੇਲੇ ਵੀ ਸੋਚਣਾ ਪੈਣਾ ਹੈ ਕਿ ਅਸੀਂ ਕਿਸ ਸੋਚ ਦੇ ਵਾਰਿਸ ਹਾਂ?

ਪੰਜਾਬੀਉ ! ਸਵਾਲ ਅਣਖ ਦਾ ਹੈ, ਇਸ ਨਿਘਾਰ ਬਾਰੇ ਸੋਚਿਉ, ਗੱਲ ਸਹੇ ਦੀ ਨਹੀਂ ਪਹੇ ਦੀ ਕਰਨੀ ਪਵੇਗੀ।

ਯਾਦ ਰੱਖਿਉ, ਧੁੱਪ ਦਾ ਰੰਗ ਕਾਲਾ ਦੱਸਣ ਵਾਲੇ ਨਕਲੀ ਸੁਪਨਸਾਜ਼ ਤੁਹਾਡੀ ਅਣਗਹਿਲੀ ਕਰਕੇ, ਆਪਣੀਆਂ ਸਿਆਸੀ ਗਰਜਾਂ ਦੀ ਪੂਰਤੀ ਵਾਸਤੇ ਤੁਹਾਡੇ ਧੁੱਪ ਵਰਗੇ ਭਵਿੱਖ ਨੂੰ ਕਾਲਾ ਕਰ ਦੇਣਗੇ। ਹਰ ਕਿਸੇ ਨੂੰ ਆਪਣੀ ਜ਼ੁੰਮੇਵਾਰੀ ਸਮਝਣੀ ਅਤੇ ਦੂਜਿਆਂ ਨੂੰ ਸਮਝਾਉਣੀ ਪਵੇਗੀ।

# 25 ਹਜ਼ਾਰ ਕੈਨੇਡੀਅਨ ਡਾਲਰ ਜੇਤੂ ਕਿਤਾਬ ਅਤੇ 10-10 ਹਜ਼ਾਰ 2 ਫਾਈਨਲਿਸਟ ਕਿਤਾਬਾਂ ਨੂੰ ਇਨਾਮ ਪ੍ਰਦਾਨ ਕਰਨ ਵਾਲੇ ਢਾਹਾਂ ਸਾਹਿਤ ਇਨਾਮ - 2022 ਲਈ ਨਾਮਜ਼ਦਗੀਆਂ ਆਰੰਭ

## ਕਿਤਾਬਾਂ ਪਹੁੰਚਾਉਣ ਦੀ ਆਖਰੀ ਤਰੀਕ 31 ਮਾਰਚ 2022

**ਸੰਤੋਖ ਸਿੰਘ ਜੱਸੀ**

**ਨਵਾਂਸ਼ਹਿਰ:-** ਢਾਹਾਂ ਸਾਹਿਤ ਇਨਾਮ ਪੰਜਾਬੀ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਮੁਲਕੀ ਹੱਦਾਂ ਸਰਹੱਦਾਂ ਤੋਂ ਪਰਾਂਹ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ ਸੀ। ਵਿਸ਼ਵ ਪੱਧਰ ਉੱਤੇ, ਇਹ ਸਾਲਾਨਾ ਇਨਾਮ ਗੁਰਮੁਖੀ ਜਾਂ ਸ਼ਾਹਮੁਖੀ, ਕਿਸੇ ਵੀ ਲਿਪੀ ਵਿਚ ਛਪੀਆਂ ਪੰਜਾਬੀ ਗਲਪ ਜਿਵੇਂ ਨਾਵਲ ਅਤੇ ਕਹਾਣੀ ਸੰਗ੍ਰਹਿ ਦੀਆਂ ਤਿੰਨ ਸਰਵੋਤਮ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਸਾਲ 2022 ਦੇ ਢਾਹਾਂ ਇਨਾਮ ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਕਿਤਾਬਾਂ ਦੇ ਪਹੁੰਚਣ ਦੀ ਆਖਰੀ ਤਰੀਕ 31 ਮਾਰਚ 2022 ਹੈ।ਇਹ ਜਾਣਕਾਰੀ ਸ੍ਰੀ ਬਰਜਿੰਦਰ ਸਿੰਘ ਢਾਹਾਂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਾਲ 2013 ਵਿਚ ਸ਼ੁਰੂ ਕੀਤੇ ਗਏ ਪੰਜਾਬੀ ਸਾਹਿਤ ਵਿੱਚ ਵਿਸ਼ਵ ਦੇ ਹਸਤਾਖਰ ਢਾਹਾਂ ਇਨਾਮ ਦੀ ਰਕਮ 25 ਹਜ਼ਾਰ ਕਨੇਡੀਅਨ ਡਾਲਰ ਜੇਤੂ ਕਿਤਾਬ ਅਤੇ ਦੋ ਹੋਰ ਇਨਾਮਾਂ ਦੀ ਰਕਮ ਦਸ-ਦਸ ਹਜ਼ਾਰ ਕੈਨੇਡੀਅਨ ਡਾਲਰ ਡਾਲਰ ਹੈ। ਇਹ ਤਿੰਨੇ ਇਨਾਮ ਇਸ ਢੰਗ ਨਾਲ ਦਿੱਤੇ ਜਾਂਦੇ ਹਨ ਕਿ ਹਰੇਕ ਲਿਪੀ ਦੇ



THE DHAHAN PRIZE For Punjabi Literature

ਢਾਹਾਂ ਸਾਹਿਤ ਇਨਾਮ

ڈھاہاں ساہت انعام

ਹਿੱਸੇ ਇੱਕ ਇਨਾਮ ਜ਼ਰੂਰ ਆਵੇ। ਸ੍ਰੀ ਢਾਹਾਂ ਨੇ ਕਿਹਾ ਕਿ 2022 ਦੇ ਢਾਹਾਂ ਇਨਾਮ ਲਈ ਨਾਵਲ ਜਾਂ ਕਹਾਣੀਆਂ ਦੀਆਂ ਕਿਤਾਬਾਂ ਨਾਮਜ਼ਦ ਕਰਨ ਦੇ ਚਾਹਵਾਨ ਨਾਮਜ਼ਦਗੀ ਫਾਰਮ subimsisons@dhahanpirze.com ਈਮੇਲ 'ਤੇ ਭਰਨ ਤੋਂ ਬਾਅਦ ਇਸੇ ਹੀ ਈਮੇਲ 'ਤੇ ਕਿਤਾਬ ਦੀ ਇਲੈਕਟ੍ਰਾਨਿਕ ਕਾਪੀ ਵੀ ਭੇਜ ਦੇਣ। ਸੰਬੰਧਿਤ ਕਿਤਾਬ ਦੀਆਂ ਤਿੰਨ ਕਾਪੀਆਂ ਢਾਹਾਂ ਇਨਾਮ ਦੇ ਮੁੱਖ ਦਫ਼ਤਰ Dhahan Pirze Book Subimsison, #1058–2560 Shell Road,i Rchmond, BC Canada V6X 0B8 ਵਿਖੇ ਡਾਕ ਜਾਂ ਕੋਰੀਅਰ ਰਾਹੀਂ ਭੇਜੀਆਂ ਜਾਣ। ਇਸ ਸੰਬੰਧੀ ਹੋਰ ਜਾਣਕਾਰੀ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ਵਿੱਚ ।ਦਹਅਹਅਨਪਰਿਡਏ।ਚੋਮ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਵਰਨਣਯੋਗ ਹੈ ਕਿ ਢਾਹਾਂ ਇਨਾਮ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਇਨਾਮ ਹੈ। ਜਿਸ ਦਾ ਮਕਸਦ ਪੂਰੀ ਦੁਨੀਆ ਵਿੱਚ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨਾ, ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨਾ ਅਤੇ ਪੰਜਾਬੀ ਸਾਹਿਤ ਅਤੇ ਪੰਜਾਬੀ ਬੋਲੀ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਅਤੇ ਪਸਾਰ ਕਰਨਾ ਹੈ। ਇਹ ਪੁਰਸਕਾਰ ਪੰਜਾਬੀ ਲੇਖਕਾਂ ਨੂੰ ਵੱਡੇ ਪੱਧਰ 'ਤੇ ਪਛਾਣ ਪ੍ਰਦਾਨ ਕਰਦਾ ਹੈ ਅਤੇ ਜੇਤੂ ਲੇਖਕਾਂ ਲਈ ਵਿਸ਼ਵ ਪੱਧਰ 'ਤੇ ਅੱਗੇ ਵਧਣ ਲਈ ਰਾਹ ਖੋਲ੍ਹਦਾ ਹੈ, ਜਿਸ ਰਾਹੀਂ ਉਹ ਬਹੁ-ਭਾਸ਼ੀ ਪਾਠਕਾਂ ਤੱਕ ਵੀ ਪਹੁੰਚ ਸਕਦੇ ਹਨ। ਢਾਹਾਂ ਇਨਾਮ ਦੀ ਸਥਾਪਨਾ ਬਾਰਜ ਢਾਹਾਂ (ਬਰਜਿੰਦਰ ਸਿੰਘ ਢਾਹਾਂ) ਅਤੇ ਰੀਟਾ ਢਾਹਾਂ ਦੁਆਰਾ ਪਰਿਵਾਰ, ਦੋਸਤਾਂ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਵੈਨਕੂਵਰ, ਕੈਨੇਡਾ ਵਿੱਚ ਕੀਤੀ ਗਈ। ਵਰਨਣਯੋਗ ਹੈ ਕਿ ਬਰਜਿੰਦਰ ਸਿੰਘ ਢਾਹਾਂ ਪ੍ਰਸਿੱਧ ਸਮਾਜ ਸੇਵਕ ਅਤੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਬਾਨੀ ਬਾਬਾ ਬੁੱਧ ਸਿੰਘ ਢਾਹਾਂ ਦੇ ਹੋਣਹਾਰ ਸਪੁੱਤਰ ਹਨ।

## 20 ਫਰਵਰੀ 2022, ਵਿਸ਼ਵ ਸਮਾਜਿਕ ਨਿਆਂ ਦਿਵਸ ਸਬੰਧੀ ਵਿਸ਼ੇਸ਼

# ਸਮਾਜਿਕ, ਆਰਥਿਕ ਅਤੇ ਧਾਰਮਿਕ ਤੌਰ ਤੇ ਉਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ

20 ਫਰਵਰੀ ਨੂੰ ਵਿਸ਼ਵ ਸਮਾਜਿਕ ਨਿਆਂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਗਠਨ ਅਨੁਸਾਰ ਵੱਖ ਵੱਖ ਰਾਸ਼ਟਰਾਂ ਵਿਚਕਾਰ ਸ਼ਾਂਤੀਪੂਰਨ ਅਤੇ ਖੁਸ਼ਹਾਲ ਹੋਂਦ ਲਈ ਇੱਕ ਸਿਧਾਂਤ ਨੂੰ ਸਮਾਜਿਕ ਨਿਆਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਲਿੰਗ ਸਮਾਨਤਾ ਜਾਂ ਆਦਿਵਾਸੀ ਲੋਕਾਂ ਅਤੇ ਪ੍ਰਵਾਸੀਆਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਬਰਕਰਾਰ ਰੱਖਿਆ ਜਾਂਦਾ ਹੈ। ਇਹ ਸਮਾਜਿਕ ਸੁਰੱਖਿਆ, ਨਿਆਂ, ਰੁਜ਼ਗਾਰ, ਬੁਨਿਆਦੀ ਸਿਧਾਂਤਾਂ, ਸਮਾਜਿਕ ਸੰਵਾਦ ਅਤੇ ਕੰਮ ਵਾਲੀ ਥਾਂ ਤੇ ਨਿਆਂਪੂਰਨ ਅਧਿਕਾਰਾਂ ਰਾਹੀਂ ਹਰੇਕ ਲਈ ਨਿਰਪੱਖ ਅਤੇ ਨਿਆਂਪੂਰਨ ਨਤੀਜਿਆਂ ਦੀ ਗਰੰਟੀ ਤੇ ਕੇਂਦਰਿਤ ਹੈ। ਸਮਾਜਿਕ ਨਿਆਂ ਦੀ ਨੀਂਹ ਸਾਰੇ ਮਨੁੱਖਾਂ ਨੂੰ ਕੁਦਰਤ ਦੇ ਸਿਧਾਂਤ ਅਨੁਸਾਰ ਇੱਕ ਬਰਾਬਰ ਮੰਨਣ ਤੇ ਅਧਾਰਿਤ ਹੈ। ਇਸ ਅਨੁਸਾਰ ਕਿਸੇ ਵੀ ਵਿਅੱਕਤੀ ਨਾਲ ਸਮਾਜਿਕ, ਧਾਰਮਿਕ, ਸਭਿਆਚਾਰਕ ਆਦਿ ਪੱਧਰ ਤੇ ਕਿਸੇ ਵੀ ਕਿਸਮ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ ਹੈ। ਇਹ ਮੁੱਖ ਤੋਰ ਤੇ ਤਿੰਨ ਸਿਧਾਂਤਾ ਨੂੰ ਲੈਕੇ ਹੀ ਅੱਗੇ ਵੱਧਦਾ ਹੈ ਪ੍ਰਤੀਨਿਧਤਾ ਕਰਨਾ, ਸਾਧਨਾ ਦੀ ਵੰਡ ਅਤੇ ਬਰਾਬਰਤਾ ਅਤੇ ਜੇਕਰ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਵੀ ਖਤਮ ਕੀਤਾ ਜਾਂਦਾ ਹੈ ਜਾਂ ਪਾਸੇ ਰੱਖਿਆ ਜਾਂਦਾ ਹੈ ਤਾਂ ਆਰਥਿਕ ਅਤੇ ਸਮਾਜਿਕ ਨਿਆਂ ਵਾਲਾ ਸਾਰਾ ਢਾਂਚਾ ਹੀ ਨਸ਼ਟ ਹੋ ਜਾਂਦਾ ਹੈ। ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ ਹੈ ਤਾਂ ਜੋ ਸਮਾਜ ਦਾ ਕੋਈ ਵੀ ਵਰਗ ਵਿਕਾਸ ਦੀ ਦੋੜ ਵਿੱਚ ਪਿੱਛੇ ਨਾਂ ਰਹਿ ਜਾਵੇ ਪਰੰਤੂ ਸਮਾਜ ਵਿੱਚ ਫੈਲੀ ਸਮਾਜਿਕ, ਆਰਥਿਕ ਅਤੇ ਧਾਰਮਿਕ ਤੋਰ ਤੇ ਊਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾਂ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ ਹੈ। ਸਮਾਜਿਕ ਨਿਆਂ ਬਹੁਤ ਹੀ ਵਿਆਪਕ ਸ਼ਬਦ ਹੈ ਅਤੇ ਇਸ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੋਂ ਲੈਕੇ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰਨ ਸਬੰਧੀ ਸਭ ਕੁੱਝ ਸ਼ਾਮਿਲ ਹੈ। ਇਸਦਾ ਭਾਵ ਸਿਰਫ ਕਨੂੰਨ ਸਾਹਮਣੇ ਸਭ ਦਾ ਬਰਾਬਰ ਹੋਣਾ ਅਤੇ ਸੁਤੰਤਰ ਨਿਆਂਪਾਲਿਕਾ ਹੋਣਾ ਹੀ ਨਹੀਂ ਹੈ ਸਗੋਂ ਇਸਦਾ ਸਬੰਧ ਸਮਾਜਿਕ ਕੁਰੀਤੀਆਂ ਗਰੀਬੀ, ਬੇਕਾਰੀ, ਭੁੱਖਮਰੀ, ਬਿਮਾਰੀ, ਧਰਮ-ਜਾਤ ਆਦਿ ਤੇ ਅਧਾਰਿਤ ਵਿਤਕਰਾ, ਮਹਿਲਾਵਾਂ ਨਾਲ ਹੁੰਦਾ ਵਿਤਕਰਾ ਆਦਿ ਜਿਸ ਨਾਲ ਵਿਕਾਸਸ਼ੀਲ ਦੇਸ਼ ਪ੍ਰਭਾਵਿਤ ਹੋ ਰਹੇ ਹਨ ਨੂੰ ਵੀ ਦੂਰ ਕਰਨਾ ਹੈ। ਸੰਖੇਪ ਵਿੱਚ ਸਮਾਜਿਕ ਨਿਆਂ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੇ ਸੰਕਲਪ ਤੇ ਹੀ ਅਧਾਰਿਤ ਹੈ ਅਤੇ ਇਸ ਵਿੱਚ ਸਾਧਨਾ ਦੀ ਬਰਾਬਰ ਵੰਡ, ਸਮਾਜਿਕ, ਸ਼ਰੀਰਕ, ਆਰਥਿਕ, ਮਾਨਸਿਕ ਵਿਕਾਸ ਆਦਿ ਸ਼ਾਮਲ ਹੈ। ਸਮਾਜਿਕ ਨਿਆਂ ਦਾ ਮੋਜੂਦਾ ਸੰਕਲਪ 1840 ਵਿੱਚ ਜੇਸੂਇਟ ਲੁੜਗੀ ਟਪਰੇਲੀ ਨੇ ਥਾਮਸ ਏਕਵੈਨਸ ਦੀ ਸਿੱਖਿਆ ਨੀਤੀ ਦੇ ਅਧਾਰ ਤੇ ਪੇਸ਼ ਕੀਤਾ ਸੀ ਜਿਸਨੂੰ ਬਾਦ ਵਿੱਚ ਐਨਟਾਨੀਓ ਰੋਸਮਿਨੀ ਸਰਵਾਤੀ ਨੇ ਵੀ 1848 ਵਿੱਚ ਪੇਸ਼ ਕੀਤਾ ਸੀ। 100 ਤੋਂ ਵੱਧ ਅੰਤਰਰਾਸ਼ਟਰੀ ਰਾਜਨੀਤਿਕ ਨੇਤਾਵਾਂ ਨੇ 1995 ਵਿੱਚ ਕੋਪਨਹੇਗਨ, ਡੈਨਮਾਰਕ ਵਿੱਚ ਸਮਾਜਿਕ ਵਿਕਾਸ ਲਈ ਵਿਸ਼ਵ ਸੰਮੇਲਨ ਦਾ ਆਯੋਜਨ ਕੀਤਾ, ਗਰੀਬੀ ਅਤੇ ਪੂਰਨ ਰੁਜ਼ਗਾਰ ਅਤੇ ਇੱਛਾ ਜਤਾਈ ਕਿ ਉਹ ਸਥਿਰ ਅਤੇ ਸੁਰੱਖਿਅਤ ਸਮਾਜਾਂ ਲਈ ਵੀ ਯਤਨ ਕਰਨਗੇ। ਉਹ ਇੱਕ ਘੋਸ਼ਣਾ ਕਰਨ ਲਈ ਇੱਕ ਸਮਝੌਤੇ ਤੇ ਪਹੁੰਚੇ ਜਿਸ ਨੂੰ ਸਮਾਜਿਕ ਵਿਕਾਸ ਲਈ ਕੋਪੇਨਹੇਗਨ ਘੋਸ਼ਣਾ ਅਤੇ ਕਾਰਜ ਪ੍ਰੋਗਰਾਮ ਵੀ ਕਿਹਾ ਜਾਂਦਾ ਹੈ। ਕੋਪੇਨਹੇਗਨ ਘੋਸ਼ਣਾ ਪੱਤਰ ਅਤੇ ਸਮਾਜਿਕ ਵਿਕਾਸ ਲਈ ਕਾਰਜ ਪ੍ਰੋਗਰਾਮ ਦੀ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਦੁਆਰਾ ਇੱਕ ਦਹਾਕੇ ਬਾਅਦ 2005 ਵਿੱਚ ਨਿਊਯਾਰਕ ਵਿੱਚ ਸਮੀਖਿਆ ਕੀਤੀ ਗਈ ਸੀ। 26 ਨਵੰਬਰ, 2007 ਨੂੰ 20 ਫਰਵਰੀ ਨੂੰ ਸੰਯੁਕਤ ਰਾਸ਼ਟਰ ਦੁਆਰਾ ਸਮਾਜਿਕ ਨਿਆਂ ਦੇ ਸਾਲਾਨਾ ਵਿਸ਼ਵ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਸੀ। ਇਸ ਮੌਕੇ ਸੰਯੁਕਤ ਰਾਸ਼ਟਰ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਇਸ ਦਿਵਸ ਤੇ ਅੰਤਰ-ਰਾਸ਼ਟਰੀ ਸਮੁਦਾਇ ਨੂੰ ਗਰੀਬੀ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਸਭ ਜਗ੍ਹਾ ਸਭ ਲਈ ਯੋਗਤਾ ਅਨੁਸਾਰ ਕੰਮ ਅਤੇ ਰੋਜ਼ਗਾਰ ਉਪਲੱਭਦ ਹੋਣ ਨਾਲ ਹੀ ਸਮਾਜਿਕ ਨਿਆਂ ਸੰਭਬ ਹੋਵੇਗਾ। ਸੰਖੇਪ ਸ਼ਬਦਾਂ ਵਿੱਚ ਰੋਟੀ, ਕੱਪੜਾ, ਮਕਾਨ, ਸੁਰੱਖਿਆ, ਸਿਹਤ, ਸਿੱਖਿਆ, ਗਰੀਬੀ, ਬੇਰੋਜਗਾਰੀ, ਸਮਾਜਿਕ ਬਾਈਕਾਟ ਆਦਿ ਮੁੱਦਿਆਂ ਨੂੰ ਲੈਕੇ ਹੀ ਸਮਾਜਿਕ ਨਿਆਂ ਦਿਵਸ ਦੀ ਸ਼ੁਰੂਆਤ ਹੋਈ ਸੀ। ਅੰਤਰਰਾਸ਼ਟਰੀ ਮਜਦੂਰ ਸੰਗਠਨ ਸੰਯੁਕਤ ਰਾਸ਼ਟਰ ਦੀ ਪਹਿਲੀ ਏਜੰਸੀ ਹੈ ਜਿਸਦੀ ਸਥਾਪਨਾ 29 ਅਕਤੂਬਰ, 1919 ਨੂੰ ਕੀਤੀ ਗਈ ਸੀ ਜਿਸ ਨੂੰ 20 ਫਰਵਰੀ ਨੂੰ ਸਮਾਜਿਕ ਨਿਆਂ ਦੇ ਵਿਸ਼ਵ ਦਿਵਸ ਵਜੋਂ ਮਨਾਉਣ ਦੀ ਤਜਵੀਜ਼ ਕਰਨ ਦਾ ਸਿਹਰਾ ਵੀ ਦਿੱਤਾ ਜਾਂਦਾ ਹੈ ਅਤੇ ਸਮਾਜਿਕ ਨਿਆਂ ਬਾਰੇ ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਘੋਸ਼ਣਾ ਪੱਤਰ ਨੂੰ ਅਪਣਾਇਆ ਜਾਂਦਾ ਹੈ। ਵਿਸ਼ਵ ਸੰਮੇਲਨ ਦੇ ਨੇਤਾਵਾਂ ਨੇ ਇਸ ਗੱਲ ਤੇ ਸਹਿਮਤੀ ਪ੍ਰਗਟਾਈ ਕਿ ਸਮਾਜਿਕ ਵਿਕਾਸ ਦਾ ਅਰਥ ਸਮਾਜਿਕ ਨਿਆਂ, ਏਕਤਾ, ਸਦਭਾਵਨਾ ਅਤੇ




ਰਾਸ਼ਟਰਾਂ ਦੇ ਅੰਦਰ ਅਤੇ ਵਿਚਕਾਰ ਸਮਾਨਤਾ ਹੈ। ਇਸ ਦਿਨ ਦਾ ਉਦੇਸ਼ ਸਮਾਜਿਕ ਬੇਇਨਸਾਫ਼ੀ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨਾ ਅਤੇ ਵਿਸ਼ਵ ਭਰ ਵਿੱਚ ਸਮਾਜਿਕ ਨਿਆਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਦਿਨ ਦਾ ਉਦੇਸ਼ ਵਿਸ਼ਵ ਪੱਧਰ ਤੇ ਵੱਖ-ਵੱਖ ਭਾਈਚਾਰਿਆਂ ਨੂੰ ਨੇੜੇ ਲਿਆਉਣਾ ਹੈ ਜੋ ਗਰੀਬੀ, ਸ਼ਰੀਰਕ ਅਤੇ ਲਿੰਗ ਭੇਦਭਾਵ, ਨਸਲਵਾਦ, ਧਾਰਮਿਕ ਭੇਦਭਾਵ, ਅਨਪੜ੍ਹਤਾ ਅਤੇ ਪੱਖਪਾਤ ਆਦਿ ਨੂੰ ਖਤਮ ਕਰਨ ਵਿੱਚ ਮਦਦ ਕਰ ਸਕਦੇ ਹਨ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਸਮਾਗਮਾਂ ਵਿੱਚ ਹਰ ਦੇਸ਼ ਅਪਣੇ ਆਪ ਨੂੰ ਸਮਾਜਿਕ ਨਿਆਂ ਦੇ ਮੁੱਦੇ ਤੇ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਸਾਲ 2022 ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਦਾ ਮੁੱਖ ਉਦੇਸ਼ ਹੈ ਰਸਮੀ ਰੋਜਗਾਰ ਦੁਆਰਾ ਸਮਾਜਿਕ ਨਿਆਂ ਪ੍ਰਾਪਤ ਕਰਨਾ ਹੈ। ਸੰਯੁਕਤ ਰਾਸ਼ਟਰ ਦੀ ਵੈੱਬਸਾਈਟ ਦੁਆਰਾ ਜਾਰੀ ਕੀਤੇ ਗਏ ਉਦੇਸ਼ਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਵਿਸ਼ਵ ਦੇ 20ग ਕਾਮੇ ਅਜੇ ਵੀ ਇੱਕ ਮੱਧਮ ਜਾਂ ਬਹੁਤ ਗਰੀਬ ਰਾਜ ਵਿੱਚ ਰਹਿੰਦੇ ਹਨ ਅਤੇ ਭੂਗੋਲਿਕ ਅਸਮਾਨਤਾਵਾਂ ਅਜੇ ਵੀ ਗਰੀਬ ਕਾਮਿਆਂ ਦੀ ਇੱਕ ਵਧੀਆ ਨੌਕਰੀ ਤੱਕ ਪਹੁੰਚ ਕਰਨ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਹੈ। ਇਹ ਵੀ ਦਾਅਵਾ ਹੈ ਕਿ ਰੁਕੀ ਹੋਈ ਉਜਰਤ ਅਤੇ ਲਿੰਗ ਅਸਮਾਨਤਾ ਗਰੀਬ ਕਾਮਿਆਂ ਲਈ ਆਰਥਿਕ ਵਿਕਾਸ ਤੋਂ ਲਾਭ ਲੈਣ ਵਿੱਚ ਇੱਕ ਵੱਡੀ ਰੁਕਾਵਟ ਬਣ ਗਈ ਹੈ। ਅੰਤਰਰਾਸ਼ਟਰੀ ਅਸਮਾਨਤਾਵਾਂ ਸਮਾਜਿਕ ਏਕਤਾ ਨੂੰ ਕਮਜ਼ੋਰ ਕਰਨ ਦਾ ਕਾਰਨ ਬਣ ਜਾਂਦੀਆਂ ਹਨ ਜੋ ਆਖਰਕਾਰ ਲੋਕਾਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਤੋਂ ਰੋਕਦੀਆਂ ਹਨ। ਸਿੱਟੇ ਵਜੋਂ ਦੇਸ਼ਾਂ ਦੀ ਆਰਥਿਕਤਾ ਬੋਝ ਅਤੇ ਵਿਕਾਸ ਵਿੱਚ ਸੁਸਤ ਹੋ ਜਾਂਦੀ ਹੈ। ਸੰਯੁਕਤ ਰਾਸ਼ਟਰ ਦੇ ਰਜਿਸਟਰ ਵਿਚ ਲਿਖਿਆ ਹੈ ਕਿ ਵਿਸ਼ਵ ਪੱਧਰ ਤੇ ਅਸਮਾਨਤਾਵਾਂ ਨੂੰ ਘਟਾਉਣ ਦੀ ਲੋੜ ਹੈ। ਪਿਛਲੇ ਇੱਕ ਦਹਾਕੇ ਵਿੱਚ ਆਰਥਿਕ ਮਾਮਲਿਆਂ ਲਈ ਡਿਜਿਟਲ ਪਲੇਟਫਾਰਮ ਦਾ ਵੱਡੇ ਪੱਧਰ ਤੇ ਪ੍ਰਸਾਰ ਹੋਇਆ ਹੈ ਅਤੇ ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਉਸਤੋਂ ਬਾਦ ਡਿਜਿਟਲ ਆਰਥਿਕਤਾ ਵਿੱਚ ਅਥਾਹ ਵਾਧਾ ਹੋਇਆ ਹੈ। ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਲਈ ਸਮਾਜਿਕ ਨਿਆਂ ਸਿਰਫ ਇੱਕ ਸੁਪਨਾ ਬਣਕੇ ਰਹਿ ਗਿਆ ਹੈ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਮੇ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾਂ ਬਣ ਰਹੀਆਂ ਸਮੱਸਿਆਵਾਂ ਵੱਲ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਹੈ। ਸਾਡਾ ਦੇਸ਼ ਜੋਕਿ ਇੱਕ ਵੱਡਾ ਲੋਕਤੰਤਰਿਕ ਦੇਸ਼ ਹੈ ਵਿੱਚ ਸਮਾਜਿਕ ਢਾਂਚਾ ਇਸ ਤਰਾਂ ਦਾ ਹੈ ਕਿ ਕਈ ਵਰਗਾਂ ਦੇ ਲੋਕ ਸਮਾਜਿਕ ਅਨਿਆਂ ਦੇ ਸ਼ਿਕਾਰ ਹੋ ਰਹੇ ਹਨ। ਅਜਾਦੀ ਦੇ ਸੱਤ ਦਹਾਕੇ ਬੀਤਣ ਦੇ ਬਾਬਜੂਦ ਬਹੁਤੇ ਲੋਕ ਗਰੀਬੀ, ਅਸਿੱਖਿਆ, ਕੁਪੋਸ਼ਣ, ਹਿੰਸਾ, ਅਸੁਰਖਿੱਆ, ਸਮਾਜਿਕ ਅਤੇ ਧਾਰਮਿਕ ਭੇਦਭਾਵ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਦੇਸ਼ ਦੇ ਕਈ ਹਿਸਿੱਆਂ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਤੇ ਹੋ ਰਹੇ ਹਮਲੇ, ਮਹਿਲਾਵਾਂ ਨਾਲ ਹੋ ਰਿਹਾ ਵਿਤਕਰਾ ਅਤੇ ਵਾਪਰਦੀਆਂ ਅਤਿੱਆਚਾਰ ਦੀਆਂ ਘਟਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾ ਹਨ।

ਸਾਡੇ ਦੇਸ਼ ਵਿੱਚ ਵੀ ਸਮੇਂ ਸਮੇਂ ਤੇ ਸਮਾਜ ਦੇ ਰਹਿਵਰਾਂ ਨੇ ਸਮਾਜ ਵਿੱਚ ਫੈਲੀਆਂ ਸਮਾਜਿਕ ਕੁਰੀਤੀਆਂ ਅਤੇ ਗੈਰ ਬਰਾਬਰੀ ਕਾਰਨ ਵੱਧ ਰਹੇ ਸਮਾਜਿਕ ਅਨਿਆਂ ਦਾ ਡਟਕੇ ਵਿਰੋਧ ਕੀਤਾ ਹੈ। ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤਿ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ ਪਰ ਕੁੱਝ ਲੋਕ ਭਾਰਤੀ ਸੰਵਿਧਾਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ ਜਿਸ ਕਾਰਨ ਸਾਡੇ ਦੇਸ਼ ਵਿੱਚ ਫੈਲੀ ਜਾਤਿ ਪ੍ਰਥਾ, ਧਾਰਮਿਕ ਵੰਡ ਕਾਰਨ ਸਮਾਜਿਕ ਅਨਿਆਂ ਅਤੇ ਨਾਂ ਬਰਾਬਰੀ ਵਧ ਰਹੀ ਹੈ। ਬੇਸ਼ੱਕ ਇੱਕ ਪਾਸੇ ਦੁਨੀਆਂ ਦੇ ਅਮੀਰ ਲੋਕਾਂ ਵਿੱਚ ਕੁੱਝ ਭਾਰਤੀਆਂ ਦੇ ਨਾਮ ਸ਼ਾਮਲ ਹੋ ਚੁੱਕੇ ਹਨ ਜੋਕਿ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ ਗਰੀਬੀ, ਭੁੱਖਮਰੀ, ਇਲਾਜ਼ ਤੋਂ ਬਿਨ੍ਹਾਂ ਤੜਫਦੇ ਮਰੀਜ਼, ਛੱਤ ਬਿਨ੍ਹਾਂ ਰਾਤਾਂ ਕੱਟਦੇ ਲੋਕ, ਸਿੱਖਿਆਂ ਤੋਂ ਬਾਂਝੇ ਬੱਚੇ, ਕੁਪੋਸ਼ਣ ਦਾ ਸ਼ਿਕਾਰ ਬੱਚੇ, ਮੁੱਢਲੀਆਂ ਜਰੂਰਤਾਂ ਲਈ ਜਿਸਮਫਰੋਸ਼ੀ ਦਾ ਧੰਦਾ ਕਰਦੀਆਂ ਦੇਸ਼ ਦੀਆਂ ਮਹਿਲਾਵਾਂ, ਬਾਲ ਮਜ਼ਦੂਰ, ਬਾਲ ਵਿਆਹ ਦੀ ਕੁਪ੍ਰਥਾ ਦਾ ਸ਼ਿਕਾਰ ਹੋ ਰਹੇ ਬੱਚੇ, ਬਲਾਤਕਾਰ ਦੀਆਂ ਵੱਧ ਰਹੀਆਂ ਘਟਨਾਵਾਂ, ਦਾਜ ਦਾ ਸ਼ਿਕਾਰ ਹੋ ਰਹੀਆਂ ਮਹਿਲਾਵਾਂ, ਇਨਸਾਫ ਦੀ ਲੰਬੀ ਉਡੀਕ ਵਿੱਚ ਬੈਠੇ ਲੋਕ ਸਮਾਜ ਨੂੰ ਝੰਜੋੜਕੇ ਰੱਖਦੇ ਹਨ ਅਤੇ ਸਮਾਜਿਕ ਨਿਆਂ ਦਾ ਮਜਾਕ ਉਡਾਂਉਦੇ ਨਜਰ ਆਂਦੇ ਹਨ। ਪਿਛਲੇ ਕੁੱਝ ਸਾਲਾਂ ਦੌਰਾਨ ਹੀ ਇੱਕ ਫਿਰਕੇ ਵਲੋਂ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਕੁੱਝ ਰਾਜਨੀਤੀਵਾਨਾਂ ਦੀ ਸ਼ਹਿ ਤੇ ਪੱਖਪਾਤ ਅਤੇ ਅਤਿਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੋਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ। ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੌਰਟ ਦੇ ਜੱਜ, ਦੇਸ਼ ਦੇ ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਵਿਦਿੱਅਕ ਅਦਾਰਿਆਂ ਦੇ ਅਧਿਆਪਕ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਸਮਾਜਿਕ ਨਿਆਂ ਦੀ ਖਸਤਾ ਹਾਲਤ ਬਿਆਨ ਕਰਦੀ ਹੈ। ਬਹੁਤੇ ਲੋਕਾਂ ਦੀ ਮਹੱਤਤਾ ਜਾਨਵਰਾਂ ਤੋਂ ਵੀ ਘੱਟ ਹੈ ਅਤ ਧਰਮ, ਜਾਤ, ਲਿੰਗ ਅਧਾਰ ਤੇ ਕਈ ਸਰਵਜਨਿਕ ਸਥਾਨਾਂ ਤੇ ਅਜ਼ਾਦੀ ਦੇ ਸੱਤ ਦਹਾਕਿਆਂ ਬਾਦ ਵੀ ਸ਼ੂਦਰਾਂ ਅਤੇ ਮਹਿਲਾਵਾਂ ਦੇ ਦਾਖਲੇ ਦੀ ਮਨਾਹੀ ਵਰਗੀਆਂ ਘਟਨਾਵਾਂ ਸਮਾਜਿਕ ਨਿਆਂ ਦਾ ਮੂੰਹ ਚਿੜਾਉਂਦੀਆਂ ਹਨ। ਸਾਡੇ ਦੇਸ਼ ਦਾ ਨਿਆਇਕ ਢਾਂਚਾ ਜੋਕਿ ਬਹੁਤ ਹੀ ਲਚਕੀਲਾ ਅਤੇ ਖਰਚੀਲਾ ਹੈ ਅਤੇ ਬਹੁਤ ਸਮਾਂ ਲੈਂਦਾ ਹੈ ਕਾਰਨ ਬਹੁਤੇ ਸਾਧਨਹੀਣ ਲੋਕ ਇਨਸਾਫ ਲੈਣ ਲਈ ਤੜਫਦੇ ਰਹਿੰਦੇ ਹਨ ਜਦਕਿ ਸਾਧਨ ਸੰਪਨ ਲੋਕ ਇਸਦਾ ਦੁਰਉਪਯੋਗ ਕਰਦੇ ਹਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ।


ਕੁਲਦੀਪ ਚੰਦ
91-9417563054

ਬਹੁਤੇ ਥਾਵਾਂ ਤੇ ਨਾਗਰਿਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਹੀ ਅਪਣੇ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਿੱਚ ਮੋਹਰੀ ਰਹਿੰਦੀ ਹੈ ਅਤੇ ਇਸ ਵਿੱਚ ਕਈ ਵਾਰ ਸਾਡੇ ਦੇਸ਼ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨੇਤਾ ਵੀ ਹੱਲਾ ਸ਼ੇਰੀ ਦਿੰਦੇ ਹਨ।

ਸਰਕਾਰ ਵਲੋਂ ਲਿਤਾੜ੍ਹੇ ਅਤੇ ਪੱਛੜ੍ਹੇ ਵਰਗਾਂ ਨੂੰ ਸਮਾਜਿਕ ਨਿਆਂ ਦੇਣ ਲਈ ਬੇਸ਼ੱਕ ਵੱਖ ਵੱਖ ਆਯੋਗ ਜਿਵੇਂ ਮਨੁਖੀ ਅਧਿਕਾਰ ਆਯੋਗ, ਬਾਲ ਅਧਿਕਾਰ ਆਯੋਗ, ਮਹਿਲਾ ਆਯੋਗ, ਅਨੁਸੂਚਿਤ ਜਾਤਿ ਆਯੋਗ, ਅਨੁਸੂਚਿਤ ਜਨਜਾਤਿ ਆਯੋਗ, ਘੱਟ ਗਿਣਤੀ ਆਯੋਗ, ਪੱਛੜੀਆਂ ਸ਼੍ਰੇਣੀਆਂ ਆਯੋਗ ਆਦਿ ਬਣਾਏ ਗਏ ਹਨ ਪਰੰਤੂ ਇਨ੍ਹਾਂ ਸੰਸਥਾਵਾਂ ਤੇ ਰਾਜਨੀਤਿਕ ਪ੍ਰਭਾਵ ਹੋਣ ਕਾਰਨ ਇਹ ਅਪਣੇ ਮੰਤਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਹੇ ਹਨ ਜਿਸ ਕਾਰਨ ਅੱਜ ਵੀ ਦੇਸ਼ ਦੇ ਕਈ ਭਾਗਾਂ ਵਿੱਚ ਸਮਾਜਿਕ ਅਨਿਆਂ ਤੋਂ ਦੁਖੀ ਲੋਕ ਨਿਆਂ ਪਾਣ ਲਈ ਕਈ ਗੈਰ ਕਨੂੰਨੀ ਢੰਗ ਅਪਣਾ ਰਹੇ ਹਨ ਅਤੇ ਦੇਸ਼ ਵਿੱਚ ਹਾਲਾਤ ਵਿਗੜ ਰਹੇ ਹਨ। ਅੱਜ ਵਿਸ਼ਵ ਨਿਆਂ ਦਿਵਸ ਮੌਕੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਮਾਜਿਕ ਨਿਆਂ ਸਬੰਧੀ ਸਮਾਗਮ ਕੀਤੇ ਜਾ ਰਹੇ ਹਨ ਪਰ ਸਮਾਜਿਕ ਨਿਆਂ ਦੀ ਖਸਤਾ ਹਾਲਤ ਨੂੰ ਵੇਖਕੇ ਲੱਗਦਾ ਹੈ ਕਿ ਸਾਡੇ ਦੇਸ਼ ਵਿੱਚ ਸਮਾਜਿਕ ਨਿਆਂ ਦੀ ਮੰਜਿਲ ਪ੍ਰਾਪਤ ਕਰਨ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ।

# ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ ਪ੍ਰਵਾਸੀ ਲੇਖਕ ਪ੍ਰਿਤਪਾਲ ਸਿੰਘ ਟਿਵਾਣਾ (ਸਿਆਟਲ) ਦਾ ਰੂ-ਬ-ਰੂ ਤੇ ਸਨਮਾਨ

**ਬਾਲਿਆਂਵਾਲੀ (ਹਰਿੰਦਰ ਹਨੀ)** ਪੇਂਡੂ ਸਾਹਿਤ ਸਭਾ ਰਜਿ ਬਾਲਿਆਂਵਾਲੀ ਵੱਲੋਂ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਵਿਖੇ ਪ੍ਰਵਾਸੀ ਲੇਖਕ ਪ੍ਰਿਤਪਾਲ ਸਿੰਘ ਟਿਵਾਣਾ ਸਿਆਟਲ (ਯੂਐਸਏ) ਦਾ ਰੂ-ਬ-ਰੂ ਅਤੇ ਸਨਮਾਨ ਸਮਾਰੋਹ ਕਰਵ-ਾਇਆ ਗਿਆ। ਆਪਣੀ ਧਰਮ ਪਤਨੀ ਅਤੇ ਦੋਹਤੀ ਨਾਲ ਇੱਥੇ ਪਹੁੰਚੇ ਟਿਵਾਣਾ ਜੀ ਨੇ ਆਪਣੇ ਜੀਵਨ ਕਾਲ ਦੀਆਂ ਬਾਤਾਂ ਸਰੋਤਿਆਂ ਨਾਲ ਸਾਂਝੀਆਂ ਕਰਦਿਆਂ ਆਪਣੇ ਸਾਹਿਤਕ ਸਫਰ ਦੀ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਇੱਥੇ ਆਕੇ, ਪੇਂਡੂ ਸਾਹਿਤ ਸਭਾ ਦੀ ਪੰਜਾਬ, ਪੰਜਾਬੀ, ਪੰਜਾਬੀਅਤ ਪ੍ਰਤੀ ਸੁਹਿਰਦਤਾ ਨੂੰ ਵੇਖਕੇ ਮੈਨੂੰ ਪੂਰਨ ਵਿਸ਼ਵਾਸ ਹੋਇਆ ਹੈ ਕਿ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਖੋ-ਵੱਖ ਸਾਹਿਤਕ ਪ੍ਰੋਗਰਾਮ ਅਤੇ ਸਮਾਜ ਭਲਾਈ ਦੇ ਹੋਰ ਕੰਮ ਬੜੀ ਅਣਥੱਕ ਮਿਹਨਤ ਤੇ ਲਗਨ ਨਾਲ ਕਰ ਰਹੀ ਹੈ। ਪੇਂਡੂ ਸਾਹਿਤ ਸਭਾ ਦੇ ਇਸ ਰੂ-ਬ- ਰੂ ਪ੍ਰੋਗਰਾਮ ਕਰਕੇ ਮੈਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਦਾ ਹਾਂ। ਇਸ ਮੌਕੇ ਉਹਨਾਂ ਸਾਹਿਤ ਸਭਾ ਦੀ ਆਰਥਿਕ ਮਦਦ ਕਰਕੇ ਸਭਾ ਨੂੰ ਆਸ਼ੀਰਵਾਦ ਦਿੰਦਿਆ ਅੱਗੇ



ਤੋਂ ਵੀ ਯਥਾ ਸੰਭਵ ਮੱਦਦ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਕੈਲੇਫੋਰਨੀਆ ਅਮਰੀਕਾ ਤੋਂ ਤਸ਼ਰੀਫ ਲਿਆਏ ਸ੍ਰ ਤਰਲੋਚਨ ਸਿੰਘ ਰੰਧਾਵਾ ਵੱਲੋਂ ਵੀ ਸਭਾ ਨੂੰ ਮਾਲੀ ਸਹਾਇਤਾ ਦਿੱਤੀ ਗਈ ਜਦੋਂ ਕਿ ਉਹ ਪਹਿਲਾਂ ਵੀ ਸਭਾ ਦੀ ਵਿਤੀ ਮੱਦਦ ਕਰ ਚੁੱਕੇ ਹਨ। ਸਭਾ ਦੇ ਅਹੁਦੇਦਾਰਾਂ ਸੁਖਦਰਸ਼ਨ ਗਰਗ,ਜਗਨ ਨਾਥ ਅਤੇ ਪ੍ਰਵਾਸੀ ਲੇਖਕ ਮੰਗਤ ਕੁਲਜਿੰਦ ਨੇ ਟਿਵਾਣਾ ਜੀ ਦੇ ਸਨਮਾਨ 'ਚ ਬੋਲਦਿਆਂ ਸਭਾ ਦੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ ਗਿਆ।ਸਾਹਿਤਕ ਪ੍ਰੋਗਰਾਮ ਵਿੱਚ ਸਭਾ ਨਾਲ ਜੁੜੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ।ਸਨਮਾਨ ਚਿੰਨ ਅਤੇ ਲੋਈ ਦੇਕੇ ਸਭਾ ਵੱਲੋਂ ਟਿਵਾਣਾ ਜੀ ਦਾ ਸਨਮਾਨ ਕੀਤਾ ਗਿਆ ਜਦੋਂ ਕਿ ਉਹਨਾਂ ਦੀ ਧਰਮਪਤਨੀ ਦਾ ਸ਼ਾਲ ਦੇਕੇ ਸਨਮਾਨ ਕੀਤਾ ਗਿਆ। ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈਟ ਵੀ ਭੇਟ ਕੀਤਾ ਗਿਆ। ਲੇਖਕ ਪ੍ਰਿਤਪਾਲ ਸਿੰਘ ਟਿਵਾਣਾ ਵੱਲੋਂ ਪੇਂਡੂ ਸਾਹਿਤ ਸਭਾ ਦੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਦਾ ਇਸ ਸਨਮਾਨ ਸਮਾਰੋਹ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜੀਤ ਸਿੰਘ ਚਹਿਲ, ਜਨਰਲ ਸਕੱਤਰ ਸੁਖਦਰਸ਼ਨ ਗਰਗ, ਸੀਨੀਅਰ ਮੀਤ ਪ੍ਰਧਾਨ ਮਾ ਦਰਸ਼ਨ ਸਿੰਘ, ਮੀਤ ਪ੍ਰਧਾਨ ਇੰਦਰ ਸਿੰਘ, ਅਮਰੀਕਾ ਤੋਂ ਪਹੁੰਚੇ ਸੰਪਾਦਕ 'ਸ਼ਬਦ ਤ੍ਰਿੰਜਣ' ਅਤੇ ਵਿਅੰਗਕਾਰ ਮੰਗਤ ਕੁਲਜਿੰਦ, ਵਿੱਤ ਸਕੱਤਰ ਮਾ।ਜਗਨ ਨਾਥ, ਗੁਰਤੇਜ ਸਿੰਘ, ਹਰਿੰਦਰ ਹਨੀ, ਗੁਰਮੀਤ ਸ਼ਰਮਾਂ,ਦੇਵ ਰਾਜ ਗੋਇਲ, ਕੁਲਦੀਪ ਮਤਵਾਲਾ, ਸ਼੍ਰੀਮਤੀ ਗੀਤਾ ਗਰਗ, ਆਕਾਸ਼ਦੀਪ ਗਰਗ, ਗੁਰਮੇਲ ਸਿੰਘ ਮੇਲਾ, ਮੋਨਿਕਾ ਸ਼ਰਮਾਂ, ਨਸੀਬ ਸ਼ਰਮਾਂ, ਗੁਰ-ਮੀਤ ਕੁਮਾਰ ਅਤੇ ਬੇਟੀ ਲਾਈਸ਼ਾ ਗਰਗ ਆਦਿ ਹਾਜ਼ਰ ਸਨ।

# ਬੇਗ਼ਮਪੁਰਾ ਵਸਾਉਣ ਦੀਆਂ ਆਈਆਂ, ਤੇਰੇ ਹੱਥ ਅੱਜ ਘੜੀਆਂ ਨੇ




ਭਾਰਤ ਦਾ ਅਕਾਸ਼ ਸੰਤਾਂ ਦੇ ਸਿਤਾਰਿਆਂ ਨਾਲ ਭਰਿਆ ਹੈ। ਅਨੰਤ-ਅਨੰਤ ਸਿਤਾਰੇ ਹਨ, ਹਾਲਾਂਕਿ ਜੋਤ ਸਭ ਦੀ ਇੱਕ ਹੈ। ਗੁਰੂ ਰਵਿਦਾਸ ਉਹਨਾਂ ਸਭ ਸਿਤਾਰਿਆਂ ਵਿੱਚ ਧਰੂ ਤਾਰਾ ਹਨ। ਗੁਰੂ ਰਵਿਦਾਸ ਜੀ ਦਾ ਜਨਮ ਮਾਘ ਦੀ 1377 ਬਿਕਰਮੀ ਸੰਮਤ ਨੂੰ ਹੋਇਆ। ਗੁਰੂ ਰਵਿਦਾਸ ਜੀ ਦੇ ਜੀਵਨ ਤੇ ਕ੍ਰਾਂਤੀਕਾਰੀ ਮਿਸ਼ਨ-ਵਿਚਾਰਧਾਰਾ ਨੇ ਸਭ ਨੂੰ ਪ੍ਰਭਾਵਿਤ ਕੀਤਾ।ਇਸੇ ਲਈ ਓਸ਼ੋ ਰਜਨੀਸ਼ ਨੇ ਕਿਹਾ ਕਿ ਰਵਿਦਾਸ ਜੀ ਨੂੰ ਬ੍ਰਾਹਮਣਵਾਦ ਖਾ ਨਾ ਸਕਿਆ, ਸਗੋਂ ਗੁਰੂ ਰਵਿਦਾਸ ਨੂੰ ਮੰਨਣਾ ਹੀ ਪਿਆ।

ਗੁਰੂ ਰਵਿਦਾਸ ਜੀ ਦਾ ਭਾਰਤ ਦੀ ਸਭ ਤੋਂ ਭੈੜੀ ਧਾਰਮਿਕ ਵਿਵਸਥਾ ਦੀ ਸਭ ਤੋਂ ਹੇਠਾਂ ਵਾਲੀ ਜਾਤੀ ਵਿੱਚ ਜਨਮ ਹੋਇਆ ਸੀ। ਜਿੱਥੇ ਇਹ ਪ੍ਰਚਾਰਿਆ ਜਾਂਦਾ ਸੀ ਕਿ ਚਮਾਰ ਜਾਤ 'ਚ ਜਨਮ ਦਾ ਕਾਰਨ ਇਹਨਾਂ ਲੋਕਾਂ ਦੇ ਪਿਛਲੇ ਜਨਮਾਂ ਵਿੱਚ ਮਾੜੇ ਕੀਤੇ ਕਰਮਾਂ ਦਾ ਨਤੀਜਾ ਹੈ। ਇਸੇ ਕਰਕੇ ਇਸ ਵਰਤਮਾਨ ਜਨਮ ਵਿੱਚ ਉਹਨਾਂ ਨੂੰ ਤਿੰਨਾਂ ਵਰਗਾਂ ਦੀ ਸੇਵਾ ਕਰਨੀ ਪੈ ਰਹੀ ਹੈ ਅਤੇ ਪ੍ਰਚਾਰਿਆ ਗਿਆ ਕਿ ਭਵਿੱਖ ਵਿੱਚ ਇਸ ਸੇਵਾ ਦਾ ਫਲ ਮਿਲੇਗਾ। ਪਰ ਅਜਿਹੀ ਵਿਚਾਰਧਾਰਾ ਨੂੰ ਗੁਰੂ ਰਵਿਦਾਸ ਸਮੇਤ 35 ਰਹਿਬਰਾਂ ਨੇ ਨਕਾਰ ਦਿੱਤਾ। ਉਸ ਉਪਰੰਤ ਮਹਾਨ ਪੜ੍ਹੇ-ਲਿਖੇ, ਕਾਬਿਲ, ਵਿਦਵਾਨ ਡਾਕਟਰ ਬੀ. ਆਰ. ਅੰਬੇਡਕਰ ਨੇ ਮਾਨਵਤਾ ਨੂੰ ਕਲੰਕਿਤ ਕਰਨ ਵਾਲੇ ਮਨੂੰ-ਸਿਮਰਤੀ ਨਾਮਕ ਗ੍ਰੰਥ ਨੂੰ ਸੰਕੇਤਕ ਤੌਰ ਤੇ ਸਾੜ ਦਿੱਤਾ।

ਗੁਰੂ ਰਵਿਦਾਸ ਨੇ ਨਾ ਸਿਰਫ ਪ੍ਰਚਾਰ ਤੇ ਜੋਰ ਦਿੱਤਾ, ਸਗੋਂ ਹੱਥੀ ਕਿਰਤ ਕਰਨੀ, ਸਤਿਸੰਗ ਕਰਨਾ, ਸਾਧੂ-ਸੰਤ ਨਾਲ ਵਿਚਾਰਾਂ, ਸੰਵਾਦ ਰਚਾਉਣ ਨੂੰ ਆਪਣੀ ਜਿੰਦਗੀ ਅਤੇ ਫਲਸਫੇ ਦਾ ਹਿੱਸਾ ਬਣਾਇਆ। ਉਹਨਾਂ ਗਹਿਰ-ਗੰਭੀਰ, ਵਾਦ-ਵਿਵਾਦ ਤੇ ਮਨੁੱਖ ਨੂੰ ਤਰਕਮਈ ਹੋਣ ਦਾ ਸੰਦੇਸ਼ ਦਿੱਤਾ। ਜਿਸ ਦਾ ਸੰਗਤਾਂ ਤੇ ਵਿਆਪਕ ਅਸਰ ਹੋਇਆ।

ਗੁਰੂ ਰਵਿਦਾਸ ਜੀ ਦੇ ਜੀਵਨ ਵੱਲ ਝਾਤ ਮਾਰਦਿਆਂ ਦੂਰ-ਦੂਰ ਤੱਕ ਨਜ਼ਰ ਪੈਂਦੀ ਹੈ ਕਿ ਰਾਣੀ ਝਾਲਾ ਬਾਈ, ਰਾਣੀ ਮੀਰਾ ਬਾਈ ਅਤੇ ਉਸ ਵੇਲੇ ਦੇ ਰਾਜਾ ਸਿਕੰਦਰ ਲੋਧੀ ਨੇ ਉਹਨਾਂ ਨੂੰ ਆਪਣਾ ਗੁਰੂ ਮੰਨ ਲਿਆ। ਰਾਜਾ ਸਿਕੰਦਰ ਲੋਧੀ ਨੇ ਗੁਰੂ ਜੀ ਨੂੰ ਉਪਕਾਰ ਵਜੋਂ ਦਿੱਲੀ ਵਿੱਚ ਜਮੀਨ ਵੀ ਦਾਨ ਕੀਤੀ। ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹ ਆਮ ਤੇ ਖਾਸ ਵਿੱਚ ਪ੍ਰਵਾਨੇ ਹੀ ਨਹੀਂ ਗਏ, ਸਗੋਂ ਗੁਰੂ/ਕ੍ਰਾਂਤੀਕਾਰੀ ਰਹਿਬਰ ਵੀ ਪ੍ਰਵਾਨੇ ਗਏ।

ਗੁਰੂ ਰਵਿਦਾਸ ਜੀ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਣੀ ਵੀ ਵੱਡੀ ਉਪਲਬਧੀ ਮੰਨੀ ਜਾਂਦੀ ਹੈ। ਕਿਉਂਕਿ ਨੀਚਾਂ ਨੂੰ ਕੋਈ ਪੁੱਛਦਾ ਨਹੀਂ ਸੀ। ਪਰ ਬਾਬੇ ਨਾਨਕ ਨੇ ਹਾਅ ਦਾ ਨਾਹਰਾ ਮਾਰਿਆ ਕਿ 'ਨੀਚਹ ਅੰਦਰਿ ਨੀਚੁ ਜਾਤਿ ਨੀਚੀ ਹੁਉ ਅਤਿ ਨੀਚੁ ਨਾਨਕ ਤਿਨੁ ਸੰਗਿ ਸਾਥਿ ਵਡਿਆ ਸੋ ਕਿਉ ਰੀਸੁ।' ਗੁਰੂ ਅਰਜੁਨ ਦੇਵ ਜੀ ਨੇ ਗੁਰੂ ਸਾਹਿਬ ਦੇ 1 ਸ਼ਲੋਕ ਅਤੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੇ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਬਾਣੀ ਹੋਰ ਵੀ ਅਨੇਕਾਂ ਗ੍ਰੰਥਾਂ ਵਿੱਚ ਮਿਲਦੀ ਹੈ।

ਸਾਨੂੰ ਬਦਲੇ ਹੋਏ ਹਾਲਾਤਾਂ ਮੁਤਾਬਿਕ ਮਹਾਂਪੁਰਸ਼ਾ ਦੇ ਜਨਮ ਦਿਹਾੜੇ ਵੀ ਉਸੇ ਤਰ੍ਹਾਂ ਮਨਾਉਣੇ ਚਾਹੀਦੇ ਹਨ, ਸਿਰਫ ਪੂਜਾ ਦੀ ਥਾਂ ਕ੍ਰਾਂਤੀਕਾਰੀ ਸੋਚ ਦੇ ਪਸਾਰੇ ਲਈ ਬਾਹਾਂ ਖੋਲ੍ਹ ਕੇ ਬੇਗ਼ਮਪੁਰੇ ਦੇ ਫੈਲਾਓ ਤੇ 'ਐਸਾ ਚਾਹੂੰ ਰਾਜ ਮੈਂ" ਵਰਗੀ ਮਹਾਨ ਸੋਚ ਲਈ ਕੁੱਝ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ। ਸਮਾਂ ਮੰਗ ਕਰਦਾ ਹੈ ਕਿ ਅੰਧ-ਵਿਸ਼ਵਾਸਾਂ ਨੂੰ ਤਿਲਾਂਜਲੀ ਦੇ ਕੇ ਵਿਗਿਆਨਕ ਯੁੱਗ ਵਿੱਚ ਤਰਕ ਦੀ ਕਸਵੱਟੀ 'ਤੇ ਉੱਤਰਦਿਆਂ ਸਾਨੂੰ ਉਹਨਾਂ ਦੇ ਜੀਵਨ ਮਿਸ਼ਨ ਤੋਂ ਸਿੱਖਿਆ ਲੈ ਕੇ ਜ਼ਿੰਦਗੀ ਨੂੰ ਸਫ਼ਲ ਬਣਾਉਣਾ ਚਾਹੀਦਾ ਹੈ।



ਸੰਤੋਖ ਸਿੰਘ ਜੱਸੀ
91-70876-19800

ਗੁਰੂ ਰਵਿਦਾਸ ਜੀ ਨੂੰ ਵਿਸ਼ਵ ਲਈ ਪ੍ਰੇਰਨਾ ਸ੍ਰੋਤ ਸਖਸ਼ੀਅਤ ਡਾ. ਭੀਮ ਰਾਓ ਅੰਬੇਡਕਰ ਜੀ ਨੇ ਆਪਣੀ ਕਿਤਾਬ 'ਦਿ ਅਨਏਬਲਜ' ਸਮਰਪਿਤ ਕਰਦਿਆਂ ਲਿਖਿਆ ਕਿ ਉਹ ਅਛੂਤਾਂ ਵਿੱਚ ਪੈਦਾ ਹੋਏ ਅਤੇ ਆਪਣੀ ਪਵਿੱਤਰਤਾ, ਸਦਾਚਾਰ ਸਦਕਾ ਸਭਨਾਂ ਦੇ ਸਤਿਕਾਰਯੋਗ ਬਣੇ।

ਪੰਜਾਬ ਦੇ ਸਾਧੂ ਸੰਤਾਂ ਦੇ ਡੇਰਿਆ ਦੇ ਰਿਕਾਰਡ ਸਬੰਧੀ ਅੰਕੜੇ ਹਨ ਕਿ 1977-78 ਦਰਮਿਆਨ 176 ਡੇਰੇ ਸਨ ਅਤੇ ਹੁਣ ਵੱਧ-ਫੁੱਲ ਕੇ 275 ਦੇ ਕਰੀਬ ਹੋ ਗਏ ਹਨ। ਡਾ. ਅੰਬੇਡਕਰ ਸਾਹਿਬ ਨੇ ਡੇਰਾ ਬ੍ਰਹਮਦਾਸ ਫਿਲੌਰ ਵਿਖੇ ਕਿਹਾ ਸੀ ਕਿ ਗੁਲਾਮਾਂ ਦਹਨਖ ਪ/ਤ਼ਹਨਖ ਏਗ਼ਧਕ ਹੀ ਸਭ ਤੋਂ ਵੱਡੀ ਭਗਤੀ ਹੈ। ਹੋਰ ਕੰਮਾਂ ਦੀ ਬਜਾਏ ਇਸ ਕੰਮ ਵੱਲ ਜੁਟੋ (28 ਅਕਤੂਬਰ 1951). ਪੰਜਾਬ ਅਤੇ ਦੇਸ਼ ਦੇ ਸਮੂਹ ਡੇਰਾ ਮੁਖੀਆਂ ਨੂੰ ਮਸ਼ਵਰਾ ਹੈ ਕਿ ਕੌਮ ਅਤੇ ਸਮਾਜ ਦੀ ਚੜ੍ਹਦੀ ਕਲਾ ਲਈ ਸਾਨੂੰ ਸਾਰੇ ਡੇਰੇ ਗੁਰੂ ਰਵਿਦਾਸ ਮਿਸ਼ਨ ਅਤੇ ਕ੍ਰਾਂਤੀਕਾਰੀ ਬਾਣੀ ਨੂੰ ਸਮਝਦੇ ਅਤੇ ਅਸਰਦਾਰ ਮੰਨਦੇ ਹੋਏ ਸਾਰੇ ਡੇਰੇ ਆਪਣੇ ਨਾਂ ਤੋਂ ਪਹਿਲਾਂ ਗੁਰੂ ਰਵਿਦਾਸ ਜੀਵਨ ਮਿਸ਼ਨ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਸਮਰਪਿਤ ਕਰ ਦੇਣੇ ਚਾਹੀਦੇ ਹਨ। ਤਾਂ ਹੀ ਬੇਗ਼ਮਪੁਰਾ ਦੀ ਉਸਾਰੀ ਸੰਭਵ ਹੋ ਸਕਦੀ ਹੈ। ਲੇਖਕ ਤੇ ਸ਼ਾਇਰ ਮੋਹਣ ਲਾਲ 'ਗਜ਼ਠਬਚਗਜ਼ ਨੇ ਲਿਖਿਆ ਹੈ ਕਿ:-

ਜੇ ਤੂੰ ਦਲਿਤਾਂ ਚਾਰ ਜਮਾਤਾਂ ਪੜ੍ਹੀਆਂ ਨੇ,
ਅੱਜ ਗੱਲਾਂ ਤੇਰੇ ਸਮਝਣ ਵਾਲੀਆਂ ਬੜੀਆਂ ਨੇ,
ਬੇਗ਼ਮਪੁਰਾ ਵਸਾਉਣ ਦੀਆਂ ਆਈਆਂ,
ਤੇਰੇ ਹੱਥ ਅੱਜ ਘੜੀਆਂ ਨੇ।

ਪੰਜਾਬ ਅਤੇ ਦੇਸ਼ ਵਿੱਚ ਕਿਸਾਨੀ-ਮਜਦੂਰਾ ਦੀ ਤਿੰਨ ਕਾਨੂੰਨਾ ਤੇ ਜਿੱਤ ਅਸਲ ਵਿੱਚ ਸਾਰੇ ਭਾਈਚਾਰਿਆ ਦੇ ਸਾਂਝੇ ਦਬਾਓ ਉਪਰੰਤ ਪ੍ਰਾਪਤ ਹੋਈ ਫਤਿਹ ਹੈ ਅਤੇ ਭਵਿੱਖ ਵਿੱਚ ਭਾਈਚਾਰੇ ਨੂੰ ਹੋਰ ਵੀ ਮਜਬੂਤ ਕਰਦਿਆਂ ਸਾਨੂੰ ਪ੍ਰਭਾਤਫੇਰੀਆਂ ਅਤੇ ਚਾਹ-ਪਾਣੀ, ਲੰਗਰ ਇੱਕ-ਦੂਜੇ ਮੁਹੱਲਿਆਂ ਵਿੱਚ ਲਗਾਉਣੇ ਚਾਹੀਦੇ ਹਨ।

ਇਸ ਤਰ੍ਹਾਂ ਕਰਨ ਨਾਲ ਸਾਡੀਆਂ ਸਾਂਝਾਂ ਮੁੜ ਸਿੰਧੂ ਘਾਟੀ ਵਾਂਗੂੰ ਮਜਬੂਤ ਹੋਣਗੀਆਂ ਅਤੇ ਸਰਬੱਤ ਦਾ ਭਲਾ ਅਤੇ ਸਮਤਾ, ਸਮਾਨਤਾ ਤੇ ਭਾਈਚਾਰਾ ਛੇਤੀ ਇਸੇ ਜਨਮ ਵਿੱਚ ਸਥਾਪਿਤ ਹੋ ਸਕੇਗਾ।

ਆਓ ਗੁਰੂ ਰਵਿਦਾਸ ਜੀ ਪ੍ਰਤੀ ਸ਼ਰਧਾ, ਸਤਿਕਾਰ, ਉਪਕਾਰ ਦੋਡਾਨਕਭ ਰਾਜ-ਭਾਗ (ਹੁਕਮਰਾਨ) ਵੱਲ ਵੱਧ ਕੇ ਦੁਨੀਆਂ ਤੋਂ ਸਬਕ ਸਿੱਖ ਕੇ ਬੇਗ਼ਮਪੁਰਾ ਵਸਾਉਣ ਵੱਲ ਵਧੀਏ, ਆਪਸੀ ਏਕਤਾ ਵਧਾਈਏ ਤੇ ਸਮਾਜ ਵਿੱਚ ਇਕੱਠੇ ਹੋ ਕੇ ਆਪਣੀ ਸ਼ਕਤੀ ਰਾਹੀਂ ਰਾਜ ਭਾਗ ਲੈਣ ਦਾ ਸੰਕਲਪ ਕਰੀਏ। ਸਾਨੂੰ ਕੀਤੀਆਂ ਭੁੱਲਾਂ ਤੋਂ ਸੁਚੇਤ ਹੋ ਕੇ ਵਰਤਮਾਨ ਅਤੇ ਭਵਿੱਖ ਨੂੰ ਸੁੱਖਮਈ ਬਣਾਉਣ ਲਈ ਆਪਸੀ ਏਕਤਾ ਵਧਾਉਣੀ ਚਾਹੀਦੀ ਹੈ ਤਾਂ ਜੋ ਪਿਛਲੇ ਹਜਾਰਾਂ ਸਾਲਾਂ ਤੋਂ ਹੋ ਰਹੇ ਅਪਮਾਨ ਤੋਂ ਛੁਟਕਾਰਾ ਪਾ ਕੇ ਬੇਗ਼ਮਪੁਰਾ ਸਥਾਪਿਤ ਕੀਤਾ ਜਾ ਸਕੇ। ਜਿੱਥੇ ਸਭ ਲੋਕ ਬਰਾਬਰ ਹੋਣ, ਹੱਕ-ਸੱਚ ਤੇ ਇਨਸਾਫ਼ ਵਾਲੀ ਵਿਵਸਥਾ ਦਾ ਆਨੰਦ ਮਾਣ ਸਕਣ।

****

# ਪੰਜਾਬ ਵਿੱਚ ਬਸਪਾ ਅਕਾਲੀ ਦਲ ਗਠਜੋੜ ਸ਼ਪੱਸ਼ਟ ਬਹੁਮਤ ਹਾਸਲ ਕਰੇਗਾ- ਬੈਨੀਪਾਲ

## ਇਸ ਵਾਰ ਬਾਬਾ ਸਾਹਿਬ, ਸਾਹਿਬ ਕਾਂਸ਼ੀ ਰਾਮ ਦੇ ਸੁਪਨੇ ਪੰਜਾਬ ਦੀ ਧਰਤੀ ਤੇ ਪੂਰੇ ਹੋਣਗੇ

**ਬਹੁਜਨ ਸਮਾਜ ਪਾਰਟੀ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਪਾਲ ਨਾਲ ਦੇਸ਼ ਦੁਆਬਾ ਦੇ ਪ੍ਰਤੀਨਿਧ ਸੰਤੋਖ ਸਿੰਘ ਜੱਸੀ ਨਾਲ ਗੱਲਬਾਤ ਦੇ ਕੁਝ ਅੰਸ਼**











### ਚੋਣਾਂ ਤੋਂ ਪਹਿਲਾਂ ਦੀ ਇਕ ਮੁਲਾਕਾਤ

ਭਾਰਤ ਦੀ ਸਭ ਤੋਂ ਵੱਡੀ ਤੇ ਤੀਜੀ ਕੌਮੀ ਪਾਰਟੀ ਦੀ ਸਪਰੀਮੋ ਭੈਣ ਕੁਮਾਰੀ ਮਾਇਆਵਤੀ ਵਲੋਂ ਲਗਾਏ ਪੰਜਾਬ, ਚੰਡੀਗੜ੍ਹ, ਹਰਿਆਣਾ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਪਾਲ ਨੇ ਕਿਹਾ ਕਿ ਕਰੀਬ 25 ਸਾਲ ਬਾਅਦ ਪੰਜਾਬ ਵਿੱਚ ਬਣੇ ਗਠਜੋੜ ਦੇ ਆਪਸੀ ਤਾਲਮੇਲ ਕਾਰਨ ਸਮੁੱਚੇ ਸੂਬੇ ਵਿੱਚ ਦੋਵੇ ਪਾਰਟੀਆ ਦੇ ਆਗੂ ਪੂਰੀ ਤਰ੍ਹਾਂ ਡਟ ਕੇ ਚੋਣ ਮੈਦਾਨ ਵਿੱਚ ਹਨ। ਜਿਸ ਕਾਰਨ ਪੂਰੇ ਪੰਜਾਬ ਵਿੱਚ 90 ਤੋਂ 100 ਸੀਟਾਂ ਪ੍ਰਾਪਤ ਕਰਕੇ ਗਠਜੋੜ ਸਰਕਾਰ ਬਣਾਉਣ ਜਾ ਰਿਹਾ ਹੈ। ਸ੍ਰੀ ਰਣਧੀਰ ਬੈਨੀਪਾਲ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਜਿਥੇ ਦਲਿਤਾ, ਪੱਛੜਿਆ, ਘੱਟ ਗਿਣਤੀ ਤੇ ਸਰਵ ਸਮਾਜ ਦੀ ਪਾਰਟੀ ਹੈ ਜਿਸ ਵਿੱਚ ਇਨਸਾਨ ਤੇ ਇਨਸਾਨੀਅਤ ਨੂੰ ਮੰਨਣ ਵਾਲੇ ਵਿਅਕਤੀ ਪਾਰਟੀ ਵਿੱਚ ਲਗਾਤਾਰ ਸ਼ਾਮਲ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ 20 ਫਰਵਰੀ ਨੂੰ ਹਰ ਬੂਥ ਤੇ ਗਠਜੋੜ ਦੇ ਉਮੀਦਵਾਰਾ ਨੂੰ ਜਿਤਾਉਣ ਲਈ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-1ਵੋਟ ਭਗਤਾਉਣ ਲਈ ਜੀਅ ਜਾਨ ਲਾ ਕੇ ਕੰਮ ਕਰਨ ਲਈ ਵਰਕਰਾ, ਸਮਰਥਕਾ ਨੂੰ ਅਪੀਲ ਕੀਤੀ।

ਉਨ੍ਹਾ ਕਾਂਗਰਸ ਅਤੇ ਸ.ਚਰਨਜੀਤ ਸਿੰਘ ਚੰਨੀ ਦੀ ਪਾਰਟੀ ਤੇ ਤਿੱਖੀ ਟਿੱਪਣੀ ਕਰਦਿਆ ਕਿਹਾ ਕਿ ਕਾਂਗਰਸ ਨੇ ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਉਨ੍ਹਾਂ ਦੇ ਪੀ.ਏ ਦੇ ਪਾਸੋਂ ਸ਼ਾਜਿਸ਼ ਨਾਲ ਹਰਾ ਕੇ ਕਰੋੜਾ ਲੋਕਾ ਦੇ ਮਸੀਹਾ ਨਾਲ ਵੱਡਾ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਔਰਤਾ ਦੇ ਹੱਕਾ ਲਈ ਹਿੰਦੂ ਕੋਡ ਬਿੱਲ ਪਾਸ ਕਰਵਾਉਣਾ ਚਾਹੁੰਦੇ ਸਨ ਪਰ ਜਦੋ ਕਾਂਗਰਸ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਨਾ ਕਰ ਦਿੱਤੀ ਤਾਂ ਬਾਬਾ ਸਾਹਿਬ ਨੇ ਔਰਤਾ ਦੇ ਹੱਕਾ ਲਈ ਵਜਾਰਤ ਨੂੰ ਠੋਕਰ ਮਾਰ ਦਿੱਤੀ। ਇਥੇ ਹੀ ਨਹੀਂ ਕਾਂਗਰਸ ਨੇ ਉਨ੍ਹਾਂ ਨੂੰ ਬਣਦਾ ਸਨਮਾਨ ਭਾਰਤ ਰਤਨ ਵੀ ਨਹੀਂ ਦਿੱਤਾ। ਇਸ ਤਰ੍ਹਾ ਬਹੁਜਨ ਨਾਇਕ ਕਰੋੜਾ ਲੋਕਾ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਦੇ ਦਿਹਾਂਤ ਵਾਲੇ ਦਿਨ ਇੱਕ ਦਿਨ ਦਾ ਸੋਗ ਵੀ ਨਹੀਂ ਮਨਾਇਆ। ਉਥੇ ਬਸਪਾ ਸਪਰੀਮੋ ਭੈਣ ਮਾਇਆਵਤੀ ਨੂੰ ਨੀਵਾ ਦਿਖਾਉਣ ਅਤੇ ਪ੍ਰੇਸ਼ਾਨ ਕਰਨ ਲਈ ਹਰ ਤਰ੍ਹਾਂ ਦੇ ਘਟੀਆ ਹੱਥਕੰਡੇ ਅਪਣਾਏ।

ਉਨ੍ਹਾਂ ਸ.ਚਰਨਜੀਤ ਸਿੰਘ ਚੰਨੀ ਬਾਰੇ ਕਿਹਾ ਕਿ ਕਾਂਗਰਸ ਦੇ ਗੁਲਾਮ ਹਨ। ਉਨ੍ਹਾਂ ਦਾ ਕੋਈ ਮਿਸ਼ਨ ਨਹੀਂ ਹੈ। ਸਾਡਾ ਉਨ੍ਹਾਂ ਨਾਲ ਕੋਈ ਨਿੱਜੀ ਵਿਰੋਧ ਨਹੀਂ ਹੈ ਪਰ ਉਨ੍ਹਾਂ ਦਾ ਆਪਣਾ ਕੋਈ ਪ੍ਰਭਾਵ ਨਹੀਂ ਹੈ ਅਤੇ ਨਾ ਹੀ ਆਪਣੀ ਕੋਈ ਸੋਚ ਹੈ ਸਗੋਂ ਕਾਂਗਰਸ ਉਨ੍ਹਾਂ ਨੂੰ ਵਰਤਨਾ ਚਾਹੁੰਦੀ ਹੈ ਤੇ ਬਸਪਾ ਦੇ ਪ੍ਰਭਾਵ ਰੋਕਣ ਲਈ ਪੱਤੇ ਖੇਡ ਰਹੀ ਹੈ ਜ਼ੋ ਕਦੇ ਵੀ ਨਹੀਂ ਕਾਮਯਾਬ ਹੋਣਗੇ ਸਗੋਂ ਸਮੁੱਚੇ ਪੰਜਾਬ ਵਿੱਚ ਕਾਂਗਰਸ ਨੂੰ ਮੂੰਹ ਦੀ ਖਾਣੀ ਪਵੇਗੀ। ਪਰ ਬਸਪਾ ਜ਼ੋ ਮਹਾਂਪੁਰਸ਼ਾ ਦਾ ਕਾਰਵਾ ਲੈ ਕੇ ਅੱਗੇ ਵਧ ਰਹੀ ਹੈ ਇਹ ਕਾਫਲਾ ਦਿਨ ਪ੍ਰਤੀ ਦਿਨ ਜਿੱਤ ਵੱਲ ਵੱਧਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 5 ਸਾਲ ਪਹਿਲਾ ਗੁਰੂ ਮਹਾਰਾਜ ਦੀਆ ਝੂਠੀਆ ਸੁੰਹਾਂ ਖਾਦੀਆ ਸਨ ਤੇ ਚੰਨੀ ਵੀ ਉਸੇ ਪਾਰਟੀ ਅਤੇ ਸਰਕਾਰ ਦਾ ਹਿੱਸਾ ਰਿਹਾ ਹੈ। ਚੰਨੀ ਦੇ ਸਾਰੇ ਵਾਇਦੇ ਝੂਠੇ ਤੇ ਹਵਾ ਹਵਾਈ ਸਾਬਤ ਹੋਏ ਹਨ। ਕਾਂਗਰਸ ਅੰਦਰਲੇ ਕਾਟੋ ਕਲੇਸ਼ ਨੇ ਪੰਜਾਬ ਦੀ 5 ਸਾਲ ਰੱਜ ਕੇ ਤਬਾਹੀ ਕੀਤੀ ਹੈ।

ਉਨ੍ਹਾਂ ਆਮ ਆਦਮੀ ਪਾਰਟੀ ਵਲੋਂ ਐਲਾਨੇ ਮੁੱਖ ਮੰਤਰੀ ਦੇ ਚਿਹਰੇ ਸ. ਭਗਵੰਤ ਮਾਨ ਬਾਰੇ ਕਿਹਾ ਕਿ ਆਪ ਵਲੋਂ ਇੱਕ ਤਰ੍ਹਾ ਨਸ਼ੀਲਾ ਚਿਹਰਾ ਦੇ ਕੇ ਪੰਜਾਬ ਦੀ ਜਨਤਾ ਨਾਲ ਅਪ੍ਰਤੱਖ ਨਸ਼ਿਆ ਦਾ ਸਮਰਥਨ ਕੀਤਾ ਹੈ ਜਦ ਕਿ ਪੰਜਾਬ ਨਸ਼ਾ ਮੁਕਤ ਹੋਣਾ ਚਾਹੀਦਾ ਹੈ ਜਿਹੜਾ ਕੇਜਰੀਵਾਲ ਪੰਜਾਬ ਵਿਰੋਧੀ ਫੈਸਲਾ ਲੈਂਦਾ ਰਿਹਾ ਹੈ ਉਹ ਤੇ ਉਸਦੇ ਆਗੂਆ ਤੋਂ ਪੰਜਾਬ ਦੇ ਭਲੇ ਦੀ ਆਸ ਨਹੀਂ ਰੱਖੀ ਜਾ ਸਕਦੀ। ਆਮ ਆਦਮੀ ਪਾਰਟੀ ਦਾ ਝੂਠਾ ਪ੍ਰਚਾਰ, ਝੂਠੇ ਵਾਇਦੇ ਅਤੇ ਝੂਠੇ ਸਰਵੇ ਕਰਵਾ ਕਿ ਪੰਜਾਬ ਦੇ ਲੋਕਾ ਨੂੰ ਮੂਰਖ ਬਣਾਉਣ ਦੀ ਕੋਸ਼ਿ ਕੀਤੀ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਬਾਰੇ ਕਿਹਾ ਕਿ ਇਹ ਗਰੀਬ ਤੇ ਕਿਸਾਨ ਮਾਰੂ ਹੈ। ਕੁਦਰਤੀ ਕਰੋਪੀ ਕਰੋਨਾ ਮਹਾਂਮ-ਾਰੀ ਦੋਰਾਨ ਜ਼ੋ ਲੋਕਾ ਨਾਲ ਹੋਇਆ, ਕਿਵੇ ਲੋਕ ਸੜਕਾ ਤੇ ਭੁੱਖੇ, ਪਿਆਸੇ ਤੁਰੇ ਜ਼ੋ ਉਨ੍ਹਾਂ ਦਾ ਹਾਲ ਹੋਇਆ ਉਹ ਲੋਕ ਅਜੇ ਤੱਕ ਵੀ ਨਹੀਂ ਭੁੱਲੇ ਹਨ।

ਜੀ.ਐਸ.ਟੀ ਅਤੇ ਨੋਟਬੰਦੀ ਨੇ ਦੇਸ਼ ਨੂੰ ਬਰਬਾਦ ਕਰਕੇ ਰੱਖ ਦਿੱਤਾ। 700 ਤੋਂ ਵੱਧ ਕਿਸਾਨ, ਕਿਸਾਨ ਅੰਦਲੋਨ ਵਿੱਚ ਸ਼ਹੀਦ ਹੋ ਚੁੱਕੇ ਹਨ। ਜਿਸ ਦੀ ਜਿੰਮੇਵਾਰ ਤਾਨਾਸ਼ਾਹੀ ਅਤੇ ਹੰਕਾਰੀ ਮੋਦੀ ਸਰਕਾਰ ਹੈ ਜਿਸ ਨੇ ਕਿਸਾਨਾ ਅਤੇ ਮਜਦੂਰਾ ਨਾਲ ਭੈੜਾ ਵਿਵਹਾਰ ਕੀਤਾ ਗਿਆ।

ਉਨ੍ਹਾਂ ਨਵਾਸ਼ਹਿਰ ਵਿਖੇ ਹੋਏ ਬੇਮਿਸਾਲ ਇਕੱਠ ਬਾਰੇ ਕਿਹਾ ਕਿ ਭੈਣ ਮਾਇਆਵਤੀ ਸਮਾਜ ਦੀ ਜਿੰਦਾ ਦੇਵੀ ਹੈ ਤੇ ਲੋਕ ਹਮੇਸ਼ਾ ਆਪ ਮੁਹਾਰੇ ਲੱਖਾ ਦੀ ਗਿਣਤੀ ਵਿੱਚ ਪੁੱਜ ਕੇ ਉਨ੍ਹਾਂ ਨੂੰ ਸੁਣਨ ਆਉਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਰੈਲੀ ਸਬੰਧੀ ਨਾ ਕੋਈ ਪੋਸਟਰ, ਨਾ ਕੋਈ ਹੋਲਡਿੰਗ ਲਗਾਈ ਗਈ ਹੈ। ਲੋਕ ਬਿਨ੍ਹਾਂ ਕਿਸੇ ਲੋਭ ਲਾਲਚ ਦੇ ਰੈਲੀ ਵਿੱਚ ਪਹੁੰਚ ਕੇ ਆਪਣਾ ਰਾਜ ਭਾਗ ਲੈਣ ਲਈ ਉਤਸ਼ਾਹਿਤ ਹਨ।

ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਤੇ ਅਕਾਲੀ ਦਲ ਦੋਵੇ ਕੇਡਰ ਵਾਲੀਆ ਪਾਰਟੀਆ ਹਨ। ਦੋਵੇ ਪਾਰਟੀਆ ਰਲ ਕੇ ਪੂਰਨ ਬਹੁਮਤ ਹਾਂਸਲ ਕਰਕੇ ਪੰਜਾਬ ਦਾ ਸਰਵਪੱਖੀ ਵਿਕਾਸ ਵਾਲੀ ਸਰਕਾਰ ਬਣਾਉਣ ਜਾ ਰਹੀਆ ਹਨ ਅਤੇ ਸਰਕਾਰ ਬਣਨ ਤੋਂ ਬਾਅਦ ਅਗਾਹ ਵਧੂ ਤੇ ਲੋਕ ਭਲਾਈ ਸਕੀਮਾ ਨੂੰ ਜਮੀਨੀ ਪੱਧਰ ਤੇ ਲਾਗੂ ਕੀਤਾ ਜਾਵੇਗਾ।

ਉਨ੍ਹਾਂ ਅਖੀਰ ਵਿੱਚ ਕਿਹਾ ਕਿ ਉਹ ਬਸਪਾ ਦੇ ਖਾਤੇ ਵਿੱਚ ਆਈਆ ਸਿਰਫ 20 ਸੀਟਾ ਤੇ ਹੀ ਨਹੀਂ ਪ੍ਰਚਾਰ ਕਰ ਰਹੇ ਸਗੋਂ ਅਕਾਲੀ ਦੇ ਹਿੱਸੇ ਆਈਆ 97 ਸੀਟਾ ਤੇ ਵੀ ਪ੍ਰਚਾਰ ਅਕਾਲੀ ਅਤੇ ਬਸਪਾ ਲੀਡਰਸ਼ਿਪ ਨਾਲ ਮਿਲ ਕੇ ਕਰੇ ਰਹੇ ਹਨ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਹਿਣ ਵਿੱਚ ਘਟ ਤੇ ਕਰਨ ਵਿੱਚ ਵੱਧ ਵਿਸ਼ਵਾਸ਼ ਰੱਖਦੀ ਹੈ ਜਿਸ ਦਿਨ ਦੋਵੇ ਪਾਰਟੀਆ ਦੀ ਸਰਕਾਰ ਬਣ ਗਈ ਪੰਜਾਬ ਨੂੰ ਮੁੜ ਆਰਥਿਕ ਲੀਹਾ ਤੇ ਲਿਆਦਾ ਜਾਵੇਗਾ।

ਇਸ ਮੌਕੇ ਉਨ੍ਹਾਂ ਨਾਲ ਸ੍ਰੀ ਰਣਜੀਤ ਮੱਲ ਕੈਸ਼ੀਅਰ ਪੰਜਾਬ, ਯੂਨਿਟ ਅਮਰੀਕਾ ਤੋਂ ਸ੍ਰੀ ਅਮਨ ਦੜੌਚ, ਉਮੀਦਵਾਰ ਡਾ.ਨਛੱਤਰ ਪਾਲ, ਪ੍ਰਵੀਨ ਬੰਗਾ, ਚੌਧਰੀ ਗੁਰਨਾਮ ਸਿੰਘ, ਗੁਰਲਾਲ ਸੈਲਾ ਆਦਿ ਹਾਜਰ ਸਨ।

# Shoba Yatra on February 15 – Guru Ravidass Gurpurab at Bootan Mandi, Jalandhar








As usual like every year, celebrations of Guru Ravidass Jayanti which falls on February 16 was started on February 15 with a mamooth Shoba Yatra which started from Bootan Mandi in Jalandhar, the informal capital of the dalits of Punjab and beyond. On the way, the Shoba Yatra was received, honoured and hosted with Langars nd welcome podiums. Ambassador Ramesh Chander, a senior trustee of Guru Ravidass Dham at Bootan Mandi, has sent to the Ambedkar Times and the Desh Doaba some pictures of the grand celebrations to a befitting homage to the great Guru. A full report on the Gurpurab will appear subsequently.

# ਭਾਜਪਾ ਵੱਲੋਂ ਤ੍ਰੋੜ ਮ੍ਰੋੜ ਕਿ ਲਿਖੇ ਸਿੱਖ ਇਤਿਹਾਸ ਵਿਰੁਧ ਵਿਸ਼ਵ ਭਰ ਦੇ ਸਿੱਖਾਂ ਨੂੰ ਲਾਮਬੰਦ ਹੋਣ ਦਾ ਹੋਕਾ: ਡਾ ਚਰਨਜੀਤ ਸਿੰਘ ਗੁਮਟਾਲਾ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਵਿਦਵਾਨਾਂ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪਿਛਲੇ ਸਾਲ 14 ਦਸੰਬਰ ਨੂੰ ਕਾਂਸ਼ੀ ਵਿਖੇ ਵਿਸ਼ਵਨਾਥ ਕੋਰੀਡੋਰ ਦਾ ਉਦਘਾਟਨ ਕਰਨ ਸਮੇਂ ਇੱਕ ਕਿਤਾਬਚਾ (ਬੁਕਲੈਟ) 'ਸ੍ਰੀ ਕਾਂਸ਼ੀ ਵਿਸ਼ਵਨਾਥ ਧਾਮ ਕਾ ਗੌਰਵਸ਼ਾਲੀ ਇਤਿਹਾਸ' ਰਲੀਜ਼ ਕੀਤਾ ਗਿਆ ਜਿਸ ਵਿੱਚ ਸਿੱਖ ਇਤਿਹਾਸ ਨੂੰ ਤ੍ਰੋੜ ਮ੍ਰੋੜ ਕੇ ਪੇਸ਼ ਕੀਤਾ ਗਿਆ ਹੈ ਤੇ ਇਸ ਦੀ ਚਾਰੇ ਪਾਸਿਉਂ ਨਿੰਦਾ ਹੋ ਰਹੀ ਹੈ ਤੇ ਇਸ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ।ਭਾਰਤ ਸਰਕਾਰ ਵੱਲੋਂ ਅਜੇ ਤੀਕ ਇਸ 'ਤੇ ਕੋਈ ਪ੍ਰਤੀਕ੍ਰਮ ਨਹੀਂ ਆਇਆ। ਪ੍ਰੈਸ ਨੂੰ ਜਾਰੀ ਬਿਆਨ ਵਿਚ ਪੰਜਾਬੀ ਕਾਲਮਨਵੀਸ ਡਾ ਚਰਨਜੀਤ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਇਹ ਪੁਸਤਕ ਉਤਰ ਪ੍ਰਦੇਸ਼ ਦੇ ਸੂਚਨਾ ਤੇ ਪਬਲਿਕ ਰੀਲੇਸ਼ਨ ਵਿਭਾਗ ਵੱਲੋਂ ਛਪਵਾਈ ਗਈ ਹੈ।

ਇਸ ਪੁਸਤਕ ਵਿੱਚ ਲਿਖਿਆ ਗਿਆ ਹੈ ਕਿ ਕਾਂਸ਼ੀ ਸ਼ਹਿਰ ਜੋ ਬੋਧੀਆਂ ਅਤੇ ਜੈਨੀਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ ਤੇ ਸਿੱਖਾਂ ਦਾ ਵੀ ਕੇਂਦਰ ਸੀ। ਇਸ ਵਿੱਚ ਅੱਗੇ ਇਹ ਲਿਖਿਆ ਹੋਇਆ ਹੈ ਸਿੱਖ ਧਰਮ ਦੀ ਸਥਾਪਨਾ ਸਨਾਤਨ ਧਰਮ ਨੂੰ ਮੁਗਲਾਂ ਤੋਂ ਬਚਾਉਣ ਲਈ ਹੋਈ ਹੈ। ਇਸ ਕਿਤਾਬਚੇ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਖਾਲਸਾ ਪੰਥ ਦੀ ਸਾਜਨਾ ਲਈ ਚੁਣੇ ਗਏ ਪੰਜ ਪਿਆਰਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਹਿਲਾਂ ਕਾਂਸ਼ੀ ਭੇਜਿਆ ਤਾਂ ਜੋ ਉਹ ਸਨਾਤਨ ਧਰਮ ਬਾਰੇ ਪੂਰਾ ਗਿਆਨ ਪ੍ਰਾਪਤ ਕਰ ਸਕਣ ਤੇ ਇਸ ਦੀ ਰੱਖਿਆ ਲਈ ਤਿਆਰ ਹੋ ਸਕਣ। ਅਖੀਰ ਵਿੱਚ ਇਹ ਲਿਖਿਆ ਹੈ ਕਿ ਇਸ ਧਾਰਮਿਕ ਸਿੱਖਿਆ ਕਰਕੇ ਪੰਜ ਪਿਆਰਿਆਂ ਦਾ ਕਾਂਸ਼ੀ ਨਾਲ ਗੂੜ੍ਹਾ ਸੰਬੰਧ ਰਿਹਾ।



ਇਸ ਦੀ ਸਿੱਖ ਬੁਧੀਜੀਵੀਆਂ ਵੱਲੋਂ ਸਖ਼ਤ ਆਲੋਚਨਾ ਹੋ ਰਹੀ ਹੈ। ਸਾਬਕਾ ਆਈ ਏ ਐਸ ਸ। ਗੁਰਤੇਜ ਸਿੰਘ ਅਨੁਸਾਰ ਸਿੱਖ ਧਰਮ ਮੁਗਲਾਂ ਤੋਂ ਹਿੰਦੂਆਂ ਦੀ ਰੱਖਿਆ ਕਰਨ ਲਈ ਨਹੀਂ ਸੀ ਬਣਾਇਆ ਗਿਆ। ਇਹ ਵਿਸ਼ਵਵਿਆਪੀ ਧਰਮ ਹੈ_ਜੋ ਹਰ ਤਰ੍ਹਾਂ ਦੇ ਜ਼ੁਲਮ ਖਿਲਾਫ ਹੈ ਭਾਵੇਂ ਉਹ ਹਿੰਦੂਆਂ ਦੁਆਰਾ ਹੋਵੇ ਜਾਂ ਮੁਗਲਾਂ ਦੁਆਰਾ। ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਹੈ ਉਹ ਭਾਵੇਂ ਕਿਸੇ ਵੀ ਧਰਮ ਵੱਲੋਂ ਹੋਵੇ। ਉਨ੍ਹਾਂ ਅਨੁਸਾਰ ਸਿੱਖ ਇਤਿਹਾਸ ਵਿੱਚ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਪੰਜ ਪਿਆਰਿਆਂ ਨੂੰ ਸਨਾਤਨ ਧਰਮ ਦਾ ਗਿਆਨ ਪ੍ਰਾਪਤ ਕਰਨ ਲਈ ਕਾਂਸ਼ੀ ਭੇਜਿਆ ਗਿਆ। ਪੰਜ ਪਿਆਰਿਆਂ ਦੀ ਚੋਣ 80 ਹਜ਼ਾਰ ਦੀ ਸੰਗਤ ਵਿੱਚੋਂ ਕੀਤੀ ਗਈ। ਉਨ੍ਹਾਂ ਅਨੁਸਾਰ ਗੁਰੂ ਨਾਨਕ ਜੀ ਨੇ ਹਿੰਦੂ ਧਰਮ ਨੂੰ ਉਸ ਸਮੇਂ ਰੱਦ ਕਰ ਦਿੱਤਾ ਜਦ ਉਨ੍ਹਾਂ ਨੂੰ 10 ਸਾਲ ਦੀ ਉਮਰ ਵਿੱਚ ਜਨੇਊ ਪਹਿਨਣ ਤੋਂ ਨਾਂਹ ਕਰ ਦਿਤੀ।

ਗੁਰੂ ਨਾਨਕ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਡਾ ਧਰਮ ਸਿੰਘ ਅਨੁਸਾਰ ਇਹ ਪਹਿਲੀ ਵਾਰ ਨਹੀਂ ਹੋਇਆ, ਪਹਿਲਾ ਵੀ ਸੰਘ ਪ੍ਰਵਾਰ ਵੱਲੋਂ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਵਿਸਥਾਰ ਕਿਹਾ ਜਾਂਦਾ ਰਿਹਾ ਹੈ ਪਰ ਹੁਣ ਤਾਂ ਬਹੁਤ ਹੀ ਗਲਤ ਬਿਆਨ ਬਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹੈ ਨਾ ਕਿ ਸਨਾਤਨ ਧਰਮ ਦੀ ਸੁਰੱਖਿਆ ਲਈ।

ਸੀਨੀਅਰ ਪੱਤਰਕਾਰ ਸ ਜਗਤਾਰ ਸਿੰਘ ਅਨੁਸਾਰ ਸਿੱਖ ਧਰਮ ਦੀ ਆਪਣੀ ਵਿਲੱਖਣ ਪਛਾਣ ਹੈ ਤੇ ਇਸ ਕਿਤਾਬਚੇ ਵਿੱਚ ਬਹੁਤ ਹੀ ਗ਼ਲਤ ਬਿਆਨੀ ਕੀਤੀ ਗਈ ਹੈ। ਉਨ੍ਹਾਂ ਅਨੁਸਾਰ ਪਹਿਲਾਂ ਵੀ 1999 ਵਿੱਚ ਖ਼ਾਲਸਾ ਪੰਥ ਦੀ 300 ਸਾਲਾ ਸਥਾਪਨਾ ਸਮੇਂ ਸੱਜੇ ਪੱਖੀ ਜਥੇਬੰਦੀ ਨੇ ਪੰਜਾਬੀ ਵਿੱਚ ਇੱਕ ਛਾਪਿਆ ਸੀ ਜਿਸ ਵਿੱਚ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਇਆ ਗਿਆ ਸੀ। ਜਿਸ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਸਿੱਖ ਜਥੇਬੰਦੀਆਂ ਨੇ ਵਿਰੋਧਤਾ ਕੀਤੀ ਗਈ। ਹੁਣ ਮੁੜ ਇਨ੍ਹਾਂ ਨੇ ਇਹੋ ਗ਼ਲਤੀ ਕੀਤੀ ਹੈ। ਜਿਸ ਦੀ ਆਲੋਚਨਾ ਚਾਰੇ ਪਾਸੇ ਤੋਂ ਹੋ ਰਹੀ ਹੈ। ਹੁਣ ਭਾਜਪਾ ਲੀਡਰ ਵੋਟਾਂ ਮੰਗਣ ਆ ਰਹੇ ਹਨ, ਇਨ੍ਹਾਂ ਤੋਂ ਵੋਟਰਾਂ ਨੂੰ ਜ਼ਰੂਰ ਪੁੱਛਣਾ ਚਾਹੀਦਾ ਹੈ ਕਿ ਉਹ ਸਿੱਖ ਧਰਮ ਬਾਰੇ ਗਲਤ ਬਿਆਨੀ ਕਿਉਂ ਕਰ ਰਹੇ ਹੋ ? ਇਸ ਦਾ ਇਹੋ ਹੱਲ ਹੈ ਕਿ ਇਸ ਉਪਰ ਪਾਬੰਦੀ ਲਾਉਣ ਲਈ ਵਿਸ਼ਵ ਭਰ ਦੇ ਸਿੱਖਾਂ ਤੇ ਭਾਜਪਾ ਦੇ ਸਮਰਥਨ ਕਰ ਰਹੇ ਤੇ ਚੋਣ ਲੜ ਰਹੇ ਉਮੀਦਵਾਰਾਂ ਵੱਲੋਂਪ ਜ਼ੋਰ ਦਾ ਦਬਾਅ ਬਣਾਇਆ ਜਾਵੇ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ। ਹਰਜਿੰਦਰ ਸਿੰਘ ਧਾਮੀ ਨੇ ਇਸ ਕਿਤਾਬਚੇ ਉਪਰ ਪਾਬੰਦੀ ਲਾਉਣ ਦੀ ਮੰਗ ਦੋ ਮਹੀਨੇ ਪਹਿਲਾਂ ਕੀਤੀ ਸੀ ਪਰ ਇਸ ਦਾ ਭਾਰਤ ਸਰਕਾਰ ਨੇ ਕੋਈ ਨੋਟਿਸ ਨਹੀਂ ਲਿਆ। ਆਉਣ ਵਾਲੇ ਸਮੇਂ ਇਹ ਗਲਤ ਬਿਆਨੀ ਸਿੱਖ ਇਤਿਹਾਸ ਬਣ ਜਾਵੇਗੀ। ਵਿਸ਼ਵ ਭਰ ਦੇ ਸਿੱਖਾਂ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਤੇ ਜਿਹੜਾ ਵੀ ਸਿੱਖ ਇਤਿਹਾਸ ਕਿਸੇ ਨੇ ਤੋੜ ਮ੍ਰੋੜ ਕੇ ਹੁਣ ਤੀਕ ਲਿਖਿਆ ਹੈ ਉਸ ਵਿਚ ਸੁਧਾਈ ਕਰਵਾਉਣੀ ਚਾਹੀਦੀ ਹੇ ਅਤੇ ਜਿਹੜਾ ਗ਼ਲਤ ਇਤਿਹਾਸ ਛੱਪ ਚੁੱਕਾ ਹੈ ਉਸ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।

# ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਦੀ ਬਰਸੀ 'ਤੇ ਸ਼ਰਧਾਂਜ਼ਲੀ ਸਮਾਗਮ 27 ਨੂੰ

**ਜਲੰਧਰ**: ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 27 ਫਰਵਰੀ 1926 ਅਤੇ 1927 ਦੇ ਬੱਬਰ ਅਮਰ ਸ਼ਹੀਦਾਂ ਨੂੰ ਸਿਜਦਾ ਕਰਨ ਲਈ 27 ਫਰਵਰੀ, ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸ਼ਰਧਾਂਜ਼ਲੀ ਸਮਾਗਮ ਕੀਤਾ ਜਾਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਬੱਬਰ ਅਕਾਲੀ ਲਹਿਰ ਦੇ ਦੇਸ਼ ਭਗਤਾਂ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ) ਅਤੇ ਧਰਮ ਸਿੰਘ (ਹਿਯਾਤਪੁਰ ਰੁੜਕੀ, ਹੁਸ਼ਿਆਰਪੁਰ) ਨੂੰ 27 ਫਰਵਰੀ 1926 ਨੂੰ ਅਤੇ ਇਸ ਤਰ੍ਹਾਂ ਹੀ ਬੱਬਰ ਦੇਸ਼ ਭਗਤਾਂ ਨਿੱਕਾ ਸਿੰਘ (ਗਿੱਲ, ਲੁਧਿਆਣਾ), ਮੁਕੰਦ ਸਿੰਘ (ਜਵੱਧੀ ਕਲਾਂ, ਲੁਧਿਆਣਾ), ਬੰਤਾ ਸਿੰਘ (ਗੁਰੂਸਰ, ਲੁਧਿਆਣਾ), ਸੁੰਦਰ ਸਿੰਘ (ਲਹੁਕਾ, ਅੰਮ੍ਰਿਤਸਰ), ਗੁੱਜਰ ਸਿੰਘ (ਢੱਪਈ, ਲੁਧਿਆਣਾ) ਅਤੇ ਨਿੱਕਾ ਸਿੰਘ ਦੂਜਾ (ਆਲੋਵਾਲ, ਅੰਮ੍ਰਿਤਸਰ) ਨੂੰ 27 ਫਰਵਰੀ 1927 ਨੂੰ ਫਾਂਸੀ ਲਗਾਕੇ, ਆਜ਼ਾਦੀ ਦੀ ਜੱਦੋ ਜਹਿਦ ਦੇ ਗਲ਼ ਗੂਠਾ ਦੇਣ ਦਾ ਬਰਤਾਨਵੀ ਸਾਮਰਾਜੀਆਂ ਨੇ ਭਰਮ ਪਾਲਿਆ ਸੀ।



ਉਨ੍ਹਾਂ ਕਿਹਾ ਕਿ ਇਹ ਲਹਿਰ ਅੱਗੋਂ ਕਿਰਤੀ ਲਹਿਰ ਅਤੇ ਨੌਜਵਾਨ ਭਾਰਤ ਸਭਾ ਲਹਿਰ ਤੋਂ ਹੁੰਦੀ ਹੋਈ ਇਹ ਸੁਨੇਹਾ ਦਿੰਦੀ ਜਾਰੀ ਰਹੀ ਕਿ ਜਦੋਂ ਤੱਕ ਸਾਡਾ ਮੁਲਕ ਬਦੇਸ਼ੀ ਅਤੇ ਦੇਸੀ ਦਾਬੇ ਤੋਂ ਮੁਕਤ ਹੋ ਕੇ ਖ਼ਰੇ ਅਰਥਾਂ ਵਿੱਚ ਆਜ਼ਾਦ ਅਤੇ ਜਮਹੂਰੀ ਆਧਾਰਸ਼ਿਲਾ 'ਤੇ ਲੋਕ-ਪੱਖੀ ਪ੍ਰੁੱਗਤ ਵਾਲੀ ਸਾਂਝੀਵਾਲਤਾ ਸਥਾਪਤ ਨਹੀਂ ਕਰਦਾ ਇਹ ਲਹਿਰ ਨਿਰੰਤਰ ਕਿਸੇ ਨਾ ਕਿਸੇ ਰੂਪ 'ਚ ਜਾਰੀ ਰਹੇਗੀ।

ਇਸ ਸਮਾਗਮ ਨੂੰ ਕਮੇਟੀ ਮੈਂਬਰ ਬੱਬਰ ਅਕਾਲੀ ਲਹਿਰ ਦੇ ਖੋਜੀ ਵਿਜੈ ਬੰਬੇਲੀ, ਚਰੰਜੀ ਲਾਲ ਕੰਗਣੀਵਾਲ ਅਤੇ ਅਜੋਕੇ ਸਮੇਂ ਅੰਦਰ ਇਸ ਲਹਿਰ ਦੀ ਪ੍ਰਸੰਗਕਤਾ ਅਤੇ ਚੁਣੌਤੀਆਂ ਵਿਸ਼ੇ 'ਤੇ ਕਮੇਟੀ ਦੇ ਸਹਾਇਕ ਸਕੱਤਰ ਡਾ.ਪਰਮਿੰਦਰ ਸੰਬੋਧਨ ਕਰਨਗੇ।

ਇਸ ਮੌਕੇ ਬੱਬਰ ਦੇਸ਼ ਭਗਤ ਸ਼ਹੀਦਾਂ ਦੇ ਪਰਿਵਾਰਾਂ/ਨਗਰਾਂ ਨੂੰ ਸਨਮਾਨਤ ਵੀ ਕੀਤਾ ਜਾਏਗਾ। ਜ਼ਿਕਰਯੋਗ ਹੈ ਕਿ ਇਸ ਸਮਾਗਮ 'ਚ ਫਰਵਰੀ ਮਹੀਨੇ ਦੇ ਸਮੂਹ ਆਜ਼ਾਦੀ ਸੰਗਰਾਮੀਆਂ ਨੂੰ ਵੀ ਸਿਜਦਾ ਕੀਤਾ ਜਾਏਗਾ।

**ਜਾਰੀ ਕਰਤਾ:**
ਅਮੋਲਕ ਸਿੰਘ
ਕਨਵੀਨਰ, ਸਭਿਆਚਾਰਕ ਵਿੰਗ
98778-68710

# ਕਿਸੇ ਵੀ ਭਾਸ਼ਾ ਦੇ ਪ੍ਰਫੁੱਲਤ ਹੋਣ ਵਿੱਚ ਉਸਦੀ ਆਪਣੀ ਲਿਪੀ ਹੀ ਜੜ੍ਹ ਦਾ ਕੰਮ ਕਰਦੀ ਹੈ



ਅਮਰ ਗਰਗ ਕਲਮਦਾਨ
91-98143-41746

ਕਿਸੇ ਵਿਕਸਤ ਭਾਸ਼ਾ ਦੇ ਮੁੱਖ ਰੂਪ ਵਿੱਚ ਦੋ ਅੰਗ : ਬੋਲੀ ਅਤੇ ਲਿਪੀ ਹੁੰਦੇ ਹਨ। ਭਾਸ਼ਾ ਲਈ ਇਹ ਦੋਵੇਂ ਅੰਗ ਇੱਕ ਦੂਜੇ ਦੇ ਪੂਰਕ ਹਨ। ਜੇਕਰ ਬੋਲੀ ਦੇ ਮੁੱਢ ਦੀ ਖੋਜ਼ ਕਰੀਏ ਤਾਂ ਇਹ ਆਦਿ ਮਾਨਵ ਤੱਕ ਜਾਵੇਗੀ। ਹਰੇਕ ਬੋਲੀ ਨੂੰ ਉਸਦੀ ਲਿਪੀ ਬਹੁਤ ਬਾਅਦ ਵਿੱਚ ਜਾਕੇ ਮਿਲੀ ਹੈ। ਬੋਲੀ ਨੂੰ ਲਿਪੀ ਦੀ ਲੋੜ ਹੁੰਦੀ ਹੈ ਅਤੇ ਲਿਪੀ ਨੂੰ ਬੋਲੀ ਦੀ, ਦੋਵਾਂ ਦਾ ਮੇਲ, ਇੱਕ ਪੂਰਨ ਭਾਸ਼ਾ ਨੂੰ ਜਨਮ ਦਿੰਦਾ ਹੈ।

ਪੰਜਾਬੀ ਭਾਸ਼ਾ ਵੀ ਬੋਲੀ ਅਤੇ ਲਿਪੀ ਦੇ ਸੰਜੋਗੀ ਕ੍ਰਮ ਵਿੱਚੋਂ ਗੁਜਰਦੀ ਹੋਈ ਇੱਕ ਪੂਰਨ ਭਾਸ਼ਾ ਦੇ ਰੂਪ ਵਿੱਚ ਅੱਜ ਸਾਡੇ ਸਾਹਮਣੇ ਹੈ। ਪੰਜਾਬੀ ਬੋਲੀ ਇੱਕ ਬਹੁਤ ਵੱਡੇ ਖੇਤਰ ਭਾਰਤੀ ਪੂਰਬੀ ਪੰਜਾਬ ਅਤੇ ਪਾਕਿਸਤਾਨੀ ਪੱਛਮੀ ਪੰਜਾਬ ਵਿੱਚ ਮੁੱਖ ਰੂਪ ਵਿੱਚ ਬੋਲੀ ਜਾਂਦੀ ਹੈ। ਇਹਨਾ ਦੇ ਨਾਲ਼ ਲੱਗਦੇ ਖੇਤਰਾਂ ਜਿਨ੍ਹਾਂ ਵਿੱਚ ਜੰਮੂ ਵਿੱਚ ਡੋਗਰੀ, ਹਿਮਾਚਲ ਵਿੱਚ ਪਹਾੜੀ ਅਤੇ ਹਰਿਆਣੇ ਵਿੱਚ ਹਰਿਆਣਵੀ, ਇਸ ਨਾਲ਼ ਮਿਲਦੀਆਂ-ਜੁਲਦੀਆਂ ਬੋਲੀਆਂ ਹਨ।

ਦੁਨੀਆਂ ਦੀ ਸਭ ਤੋਂ ਪ੍ਰਾਚੀਨ ਸੱਭਿਅਤਾ ਸਿੰਧ ਘਾਟੀ ਸੱਭਿਅਤਾ ਦੇ ਪ੍ਰਮੁੱਖ ਸਥਾਨ ਹੜੱਪਾ ਅਤੇ ਸੰਘੋਲ ਪੰਜਾਬ ਵਿੱਚ ਹੀ ਮੌਜੂਦ ਹਨ। ਇਹਨਾਂ ਨਗਰਾਂ ਦੇ ਲੋਕ ਨਿਸ਼ਚਿਤ ਤੌਰ ਤੇ ਪੰਜਾਬੀ ਬੋਲਦੇ ਹੋਣਗੇ। ਸਿੰਧ ਘਾਟੀ ਸੱਭਿਅਤਾ ਦੇ ਅੰਤ ਵਿੱਚ ਪੰਜਾਬ ਦੀ ਧਰਤੀ ਉੱਪਰ ਵੈਦਿਕ ਸੱਭਿਅਤਾ ਨੇ ਆਪਣੀ ਪਹਿਚਾਨ ਬਣਾ ਲਈ ਸੀ। ਵੈਦਿਕ ਸੱਭਿਅਤਾ ਨੇ ਸਿੰਧ ਘਾਟੀ ਸੱਭਿਅਤਾ ਦੇ ਕੁਦਰਤ ਪੱਖੀ ਉਸਦੇ ਗੁਣਾਂ ਨੂੰ ਆਪ ਧਾਰਨ ਕਰ ਲਿਆ। ਵੈਦਿਕ ਸੱਭਿਅਤਾ ਦੀ ਸਭ ਤੋਂ ਮਹੱਤਵਪੂਰਨ ਵਿਲੱਖਣਤਾ ਇਹ ਸੀ ਕਿ ਇਸਨੇ ਆਪਣੇ ਵਿਚਾਰਾਂ ਨੂੰ ਸੂਚੀ ਵਧ ਕਰਨ ਲਈ ਸੰਸਕ੍ਰਿਤ ਭਾਸ਼ਾ ਦੀ ਸਿਰਜਣਾ ਕਰ ਲਈ। ਸੰਸਕ੍ਰਿਤ ਭਾਸ਼ਾ ਦੀ ਅਮੀਰੀ ਨੂੰ ਇਸ ਕੋਲ ਮੌਜੂਦ ਸ਼ਬਦਾਂ ਦੇ ਖਜ਼ਾਨੇ ਨੇ ਹੋਰ ਅਮੀਰ ਕਰ ਦਿੱਤਾ। ਪਾਨਿਣੀ ਦੇ ਵਿਆਕਰਣ ਨੇ ਨਾ ਕੇਵਲ ਸੰਸਕ੍ਰਿਤ ਭਾਸ਼ਾ ਨੂੰ ਵਿਕਸਤ ਕੀਤਾ ਸਗੋਂ ਭਾਰਤੀ ਖਿੱਤਿਆਂ ਵਿੱਚ ਦੂਸਰੀਆਂ ਭਾਸ਼ਾਵਾਂ ਦੇ ਵਿਕਾਸ ਦਾ ਮੁੱਢ ਬੰਨ੍ਹਿਆ।

ਸੰਸਕ੍ਰਿਤ ਭਾਸ਼ਾ ਵਿੱਚ ਪ੍ਰਮੁੱਖ ਸਾਹਿਤ ਪੰਜਾਬ ਦੀ ਧਰਤੀ ਉੱਪਰ ਹੀ ਰਚਿਆ ਗਿਆ। ਸਭ ਤੋਂ ਪਹਿਲਾ ਵੇਦ-ਰਿਗਵੇਦ, ਬਾਲਮੀਕ ਦੁਆਰਾ ਰਚਿਤ 'ਬਾਲਮੀਕ ਰਮਾਇਣ' ਵੇਦ ਵਿਆਸ ਦੁਆਰਾ ਰਚਿਤ ਮਹਾਂ ਭਾਰਤ ਆਦਿ ਗ੍ਰੰਥਾਂ ਦੀ ਰਚਨਾ ਪੰਜਾਬ ਦੀ ਧਰਤੀ ਉੱਪਰ ਹੀ ਸੰਪੰਨ ਹੋਈ। ਦੁਨੀਆਂ ਦੀ ਸਭ ਤੋਂ ਪਹਿਲੀ ਅਤੇ ਪ੍ਰਾਚੀਨ ਤਕਸ਼ਿਲਾ ਯੂਨਿਵਰਸਿਟੀ ਵੀ ਪੰਜਾਬ ਦੀ ਧਰਤੀ ਤੇ ਵਿਰਾਜਮਾਨ ਸੀ। ਚਾਣਕਿਆ ਦੁਆਰਾ ਅਰਥ ਸ਼ਾਸ਼ਤਰ ਅਤੇ ਪਾਨਿਣੀ ਦੁਆਰਾ ਵਿਆਕਰਨ ਦੀ ਰਚਨਾ ਅਤੇ ਚਰਕ ਦੁਆਰਾ ਆਯੁਰਵੇਦ ਦੀ ਖੋਜ਼ ਤਕਸ਼ਿਲਾ ਯੂਨਿਵਰਸਿਟੀ ਵਿਖੇ ਸੰਪੰਨ ਹੋਈ।

ਜਦੋਂ ਪੰਜਾਬ ਦੀ ਧਰਤੀ ਤੇ ਪ੍ਰਾਚੀਨ ਕਾਲ ਵਿੱਚ ਐਨੇ ਮਹਾਨ ਸਾਹਿਤ ਦੀ ਰਚਨਾ ਹੋਈ ਹੋਵੇ ਤਾਂ ਪੰਜਾਬੀ ਭਾਸ਼ਾ ਦਾ ਵਿਕਾਸਕ੍ਰਮ ਰਾਹੀਂ ਪੂਰਨਤਾ ਵੱਲ ਪਹੁੰਚਣਾ ਲਾਜ਼ਮੀ ਬਣ ਜਾਂਦਾ ਹੈ। ਪੰਜਾਬ ਵਿੱਚ ਨਾਥ ਯੋਗੀ ਲਹਿਰ ਗਿਆਰਵੀਂ ਸਦੀ ਵਿੱਚ ਗੁਰੂ ਗੋਰਖਨਾਥ ਦੇ ਗੁਰੂ ਮਸ਼ੰਦਰ ਨਾਥ ਦੇ ਪੰਜਾਬ ਵਿੱਚ ਆਗਮਨ ਨਾਲ਼ ਪਹੁੰਚ ਚੁੱਕੀ ਸੀ। ਨਾਥ ਯੋਗੀਆਂ ਨੇ ਪੰਜਾਬ ਦੀ ਧਰਤੀ ਉੱਪਰ ਪੰਜਾਬੀ ਲਹਿਜੇ ਵਿੱਚ ਬਾਣੀ ਦੀ ਰਚਨਾ ਕੀਤੀ। ਨਾਥ ਯੋਗੀਆਂ ਤੋਂ ਬਾਅਦ ਪੰਜਾਬ ਦੀ ਧਰਤੀ ਉੱਪਰ ਭਗਤੀ ਲਹਿਰ ਨੇ ਜੋਰ ਫੜ ਲਿਆ।

ਭਗਤੀ ਲਹਿਰ ਦੇ ਸਿਖਰਲੇ ਪੜਾਅ ਦੇ ਪੰਦਰਵੀਂ ਸਦੀ ਵਿੱਚ ਪੰਜਾਬ ਦੀ ਧਰਤੀ ਉੱਪਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ਼ ਸਿੱਖ ਗੁਰੂ ਮਰਿਯਾਦਾ ਸ਼ੁਰੂ ਹੋ ਗਈ। ਨਾਥ ਯੋਗੀਆਂ ਅਤੇ ਸਿੱਖ ਗੁਰੂਆਂ ਨੇ ਆਪਣੀ ਬਾਣੀ ਦੀ ਰਚਨਾ ਲਈ ਸ਼ਾਹਮੁਖੀ (ਅਰਬੀ-ਫਾਰਸੀ ਲਿਪੀ) ਦੀ ਵਰਤੋਂ ਨਹੀਂ ਕੀਤੀ। ਉਹ ਬੁਨਿਆਦੀ ਤੌਰ ਤੇ ਇਸ ਨੂੰ ਗੁਲਾਮੀ ਦਾ ਇੱਕ ਹਥਿਆਰ ਸਮਝਦੇ ਸਨ। ਉਨ੍ਹਾ ਨੇ ਬਾਣੀ ਦੀ ਰਚਨਾ ਕਰਨ ਲਈ ਪੰਜਾਬੀ ਅੱਖਰਾਂ ਵਿੱਚ ਮੌਜੂਦ ਪ੍ਰਾਕ੍ਰਿਤ ਲਿਪੀ ਨੂੰ ਹੀ ਵਰਤਿਆ। ਗੁਰੂ ਨਾਨਕ ਦੇਵ ਨੇ 'ਪੱਟੀ' ਨਾਂ ਦੀ ਬਾਣੀ ਦੀ ਰਚਨਾ ਵਿੱਚ ਪੰਜਾਬੀ ਦੇ ਅੱਖਰ ਵਰਤੇ ਹਨ।

ਲੋੜ ਸਦਾ ਨਵੇਂ ਰਾਹਾਂ ਦੀ ਸਿਰਜਣਾ ਕਰਦੀ ਹੈ। ਬਾਣੀ ਦਾ ਆਮ ਲੋਕਾਂ ਵਿੱਚ ਸੰਚਾਰ ਕਰਨ ਲਈ ਇੱਕ ਵਿਆਕਰਨ ਯੁਕਤ ਲਿਪੀ ਦੀ ਸਖ਼ਤ ਲੋੜ ਸੀ। ਇਸੇ ਲਈ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਅੱਖਰਾਂ ਨੂੰ ਸੂਚੀ ਵਧ ਕਰਕੇ ਪੈਂਤੀ ਅੱਖਰਾਂ ਦੀ ਵਰਣਮਾਲਾ ਬਣਾਈ ਜਿਸਨੂੰ ਗੁਰਮੁਖੀ ਲਿਪੀ ਦਾ ਨਾਮ ਦਿੱਤਾ ਗਿਆ।

ਹਰੇਕ ਭਾਸ਼ਾ ਦਾ ਇੱਕ ਨਿਸ਼ਚਿਤ ਵਿਕਾਸ ਕ੍ਰਮ ਹੁੰਦਾ ਹੈ ਅਤੇ ਉਹ ਆਪਣੀਆਂ ਗੁਆਂਢੀ ਬੋਲੀਆਂ ਅਤੇ ਲਿਪੀਆਂ ਤੋਂ ਪ੍ਰਭਾਵਿਤ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਲਿਪੀ ਦੇ ਵਿਕਾਸਕ੍ਰਮ ਵਿੱਚ ਗੁਆਂਢੀ ਰਾਜ ਸਿੰਧ ਦੀ ਖੁਦਾਵਾਦੀ ਲਿਪੀ ਦੇ ਅੱਖਰਾਂ ਅਤੇ ਲਗਾਮਾਤਰਾਵਾਂ, ਜੰਮੂ-ਕਸ਼ਮੀਰ ਦੀ ਸ਼ਾਰਦਾ ਲਿਪੀ ਦੇ ਅੱਖਰਾਂ, ਉੱਤਰੀ ਭਾਰਤ ਦੀ ਨਾਗਰੀ ਲਿਪੀ ਦੇ ਅੱਖਰਾਂ ਅਤੇ ਲਗਾਮਾਤਰਾਵਾਂ ਅਤੇ ਸ਼ਾਹੂਕਾਰੀ ਲਿਪੀ (ਲੰਡੇ) ਦੇ ਅੱਖਰਾਂ ਦੀ ਸਾਂਝ ਦੇ ਚਿੰਨ ਸਪੱਸ਼ਟ ਦਿਖਾਈ ਦਿੰਦੇ ਹਨ। ਅੱਜ ਭਾਰਤੀ ਰਾਜ ਪੰਜਾਬ ਵਿੱਚ ਪੰਜਾਬੀ ਭਾਸ਼ਾ ਪੂਰੀ ਤਰਾਂ ਵਿਕਸਤ ਹੋ ਚੁੱਕੀ ਹੈ, ਜਿਸਦੀ ਅਧਿਕਾਰਿਤ ਲਿਪੀ ਗੁਰਮੁਖੀ ਲਿਪੀ ਹੈ। ਕੋਈ ਬੋਲੀ ਪੂਰਨ ਭਾਸ਼ਾ ਬਣ ਜਾਂਦੀ ਹੈ, ਜਦੋਂ ਉਸਨੂੰ ਆਪਣੀ ਲਿਪੀ ਮਿਲ ਜਾਵੇ।

ਅੱਜ ਕਿਸੇ ਖਿੱਤੇ ਦੀ ਭਾਸ਼ਾ ਨੂੰ ਸਭ ਤੋਂ ਵੱਡਾ ਖ਼ਤਰਾ ਈਸ਼ਵਰਵਾਦੀਆਂ ਤੋਂ ਹੈ। ਈਸ਼ਵਰਵਾਦੀ ਉਹ ਹਨ ਜਿਹੜੇ ਈਸ਼ਵਰ ਨੂੰ ਨਿਰਪੱਖ ਸ਼ਕਤੀ ਮੰਨਦੇ ਹਨ ਅਤੇ ਕੁਦਰਤ ਨੂੰ ਮੁੱਢੋਂ ਹੀ ਰੱਦ ਕਰਦੇ ਹਨ। ਈਸ਼ਵਰਵਾਦੀ ਦੂਸਰੇ ਸੱਭਿਆਚਾਰਾਂ ਉੱਪਰ ਆਪਣੇ ਪੈਗੰਬਰ ਦਾ ਧਰਮ ਥੋਪਣ ਲਈ, ਸੱਭਿਆਚਾਰ ਦੀ ਸਭ ਤੋਂ ਮਜ਼ਬੂਤ ਕੜੀ ਲੋਕਾਂ ਦੀ ਭਾਸ਼ਾ ਉੱਪਰ ਹਮਲਾ ਕਰਦੇ ਹਨ। ਉਹ ਲੋਕਾਂ ਦੀ ਭਾਸ਼ਾ ਨੂੰ ਮਾਰਨ ਲਈ ਸਭ ਤੋਂ ਪਹਿਲਾ ਹਮਲਾ ਭਾਸ਼ਾ ਦੀ ਲਿਪੀ ਉੱਪਰ ਕਰਦੇ ਹਨ। ਜਦੌਂ ਕਿਸੇ ਖਿੱਤੇ ਦੀ ਰਾਜਨੀਤਿਕ ਸ਼ਕਤੀ ਈਸ਼ਵਰਵਾਦੀਆਂ ਦੇ ਹੱਥਾਂ ਵਿੱਚ ਆ ਜਾਂਦੀ ਹੈ ਤਾਂ ਸਭ ਤੋਂ ਪਹਿਲਾਂ ਉਹ ਉਸ ਖਿਤੇ ਦੀ ਭਾਸ਼ਾ ਦੀ ਆਪਣੀ ਲਿਪੀ ਨੂੰ ਰੱਦ ਕਰਕੇ ਉਸ ਦੀ ਥਾਂ ਉੱਪਰ ਆਪਣੇ ਪੈਗੰਬਰ ਵੱਲੋਂ ਵਰਤੀ ਲਿਪੀ ਥੋਪ ਦਿੰਦੇ ਹਨ। ਚਾਹੇ ਪੈਗੰਬਰ ਦੀ ਲਿਪੀ ਹਜਾਰਾਂ ਕਿ।ਮੀ। ਦੂਰ ਦੀ ਹੀ ਕਿਉਂ ਨਾ ਹੋਵੇ। ਜਦੋਂ ਸਮਾਂ ਗੁਜਰਦਾ ਹੈ ਤਾਂ ਉਸ ਖਿੱਤੇ ਦੀਆਂ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਆਪਣੀ ਭਾਸ਼ਾ ਦੀ ਅਸਲ ਲਿਪੀ ਨੂੰ ਭੁੱਲ ਜਾਂਦੀਆਂ ਹਨ। ਖਿੱਤੇ ਦੇ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਕੁੱਟ-ਕੁੱਟ ਕੇ ਭਰ ਦਿੱਤੀ ਜਾਂਦੀ ਹੈ ਕਿ ਉਹਨਾ ਲਈ ਪੈਗੰਬਰ ਦੀ ਲਿਪੀ ਹੀ ਪਵਿੱਤਰ ਹੈ। ਨਾਲ਼ ਹੀ ਈਸ਼ਵਰਵਾਦੀਆਂ ਵੱਲੋਂ ਦੂਸਰਾ ਹਮਲਾ ਖਿੱਤੇ ਦੀ ਬੋਲੀ ਉੱਪਰ ਕੀਤਾ ਜਾਂਦਾ ਹੈ ਅਤੇ ਇਹ ਲੰਬਾ ਸਮਾਂ ਚੱਲਦਾ ਹੈ,ਨਤੀਜਾ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਮਾਤ ਭਾਸ਼ਾ ਨੂੰ ਭੁੱਲ ਜਾਂਦੀਆਂ ਹਨ।

ਸਿੰਧੀ ਭਾਸ਼ਾ ਦੀ ਖੁਦਾਵਾਦੀ ਲਿਪੀ ਹੈ, ਜਿਹੜੀ ਕਿ ਦੂਸਰੀਆਂ ਭਾਰਤੀ ਭਾਸ਼ਾਵਾਂ ਵਾਂਗ ਖੱਬੇ ਤੋਂ ਸੱਜੇ ਵੱਲ ਲਿਖੀ ਜਾਂਦੀ ਹੈ। ਇਸੇ ਤਰਾਂ ਸਾਂਝੇ ਪੰਜਾਬ ਦੀ ਬੋਲੀ ਪੰਜਾਬੀ ਹੈ, ਜਿਸਦੀ ਆਪਣੀ ਗੁਰਮੁਖੀ ਲਿਪੀ ਹੈ। ਭਾਰਤੀ ਲਿਪੀਆਂ ਦੀ ਇੱਕ ਹੋਰ ਵਿਲੱਖਣਤਾ ਇਹ ਹੈ ਕਿ ਹਰ ਸ਼ਬਦ ਨੂੰ ਵੱਖਰੀ ਪਹਿਚਾਨ ਦੇਣ ਲਈ ਸ਼ਬਦ ਉੱਪਰ ਰੇਖਾ ਖਿੱਚੀ ਜਾਂਦੀ ਹੈ, ਜਦੋਂ ਕਿ ਅਰਬੀ-ਫਾਰਸੀ ਲਿਪੀ ਦੀ ਵਰਤੋਂ ਵੇਲੇ ਸ਼ਬਦ ਉੱਪਰ ਰੇਖਾ ਨਹੀਂ ਖਿੱਚੀ ਜਾਂਦੀ ਅਤੇ ਇਹ ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਹੈ।

ਪਾਕਿਸਤਾਨ ਦੀ ਈਸ਼ਵਰਵਾਦੀ ਸੱਤਾ ਨੇ 1947 ਵਿੱਚ ਆਪਣੀ ਸ਼ੁਰੂਆਤੀ ਹੋਂਦ ਵੇਲੇ ਹੀ ਸਭ ਤੋਂ ਵੱਡਾ ਹਮਲਾ ਸਿੰਧੀ ਅਤੇ ਪੰਜਾਬੀ ਦੀਆਂ ਲਿਪੀਆਂ ਉੱਪਰ ਕੀਤਾ। ਉਨ੍ਹਾਂ ਨੇ ਦੋਵਾਂ ਵੱਖਰੇ ਸੰਸਕ੍ਰਿਤਕ ਖੇਤਰਾਂ ਦੀਆਂ ਆਪਣੀਆਂ ਲਿਪੀਆਂ ਨੂੰ ਰੱਦ ਕਰਕੇ ਧੱਕੇ ਨਾਲ਼ ਅਰਬੀ-ਫਾਰਸੀ ਲਿਪੀ ਥੋਪ ਦਿੱਤੀ। ਉਹਨਾ ਵੱਲੋਂ ਦੂਜਾ ਹਮਲਾ ਲੋਕਾਂ ਦੀ ਬੋਲੀ ਉੱਪਰ ਕੀਤਾ ਗਿਆ। ਸਿੰਧੀ ਅਤੇ ਪੰਜਾਬੀ ਦੀ ਥਾਂ ਉੱਪਰ ਲੋਕਾਂ ਵਿੱਚ ਉਰਦੂ ਬੋਲਣ ਦਾ ਚਲਣ ਚਲਾਇਆ ਗਿਆ। ਭਾਰਤੀ ਕਸ਼ਮੀਰ ਵਿੱਚ ਵੀ ਈਸ਼ਵਰਵਾਦੀ ਸਤਾ ਵੱਲੋਂ ਕਸ਼ਮੀਰੀ ਭਾਸ਼ਾ ਦੀ ਲਿਪੀ ਉੱਪਰ ਹਮਲਾ ਕੀਤਾ ਗਿਆ। ਕਸ਼ਮੀਰੀ ਲੋਕਾਂ ਨੂੰ ਭੁਲਾ ਦਿੱਤਾ ਗਿਆ ਕਿ ਉਹਨਾ ਦੀ ਕਸ਼ਮੀਰੀ ਭਾਸ਼ਾ ਦੀ ਲਿਪੀ ਸ਼ਾਰਦਾ ਲਿਪੀ ਹੈ। ਈਸ਼ਵਰਵਾਦੀ ਸਤਾ ਨੇ ਸ਼ਾਰਦਾ ਲਿਪੀ ਦੀ ਥਾਂ ਉੱਪਰ ਅਰਬੀ-ਫਾਰਸੀ ਲਿਪੀ ਦਾ ਚਲਨ ਥੋਪ ਦਿੱਤਾ। ਜਦੋਂ ਪੂਰਬੀ ਬੰਗਾਲ ਪਾਕਿਸਤਾਨ ਦਾ ਭਾਗ ਸੀ ਤਾਂ ਪਾਕਿਸਤਾਨ ਦੀ ਈਸ਼ਵਰਵਾਦੀ ਸਤਾ ਨੇ ਲਿਪੀ ਦਾ ਇਹ ਪ੍ਰਯੋਗ ਪੂਰਬੀ ਬੰਗਾਲ ਵਿੱਚ ਵੀ ਲਾਗੂ ਕਰਨਾ ਚਾਹਿਆ ਸੀ। ਪਰ ਉੱਥੋਂ ਦੇ ਲੋਕਾਂ ਨੇ ਨਾ ਕੇਵਲ ਆਪਣੀ ਭਾਸ਼ਾ ਤੇ ਹਮਲੇ ਦਾ ਵਿਰੋਧ ਕੀਤਾ ਬਲਕਿ 1971 ਵਿੱਚ ਆਪਣੇ ਇਸ ਵਿਰੋਧ ਨੂੰ ਪਾਕਿਸਤਾਨ ਤੋਂ ਪੂਰਨ ਅਜ਼ਾਦੀ ਵਿੱਚ ਬਦਲ ਦਿੱਤਾ।

ਅੱਜ ਭਾਰਤੀ ਸੰਸਕ੍ਰਿਤੀ ਦੁਨੀਆਂ ਵਿੱਚ ਗੁਲਾਬ ਦੇ ਫੁੱਲ ਵਾਂਗ ਖਿੜੀ ਨਜ਼ਰ ਆਉਂਦੀ ਹੈ ਕਿਉਂਕਿ ਇਸ ਫੁੱਲ ਦੀਆਂ ਪੱਤੀਆਂ ਦੇ ਰੂਪ ਵਿੱਚ 22 ਭਾਸ਼ਾਵਾਂ ਪ੍ਰਫੁੱਲਤ ਹਨ। ਜਿਨ੍ਹਾਂ ਵਿੱਚ ਪੰਜਾਬੀ, ਅਸਾਮੀ, ਬੰਗਾਲੀ, ਗੁਜਰਾਤੀ, ਹਿੰਦੀ, ਕੰਨੜ, ਕਸ਼ਮੀਰੀ, ਕੋਂਕਨੀ ਮਲਿਆਲਮ, ਮਨੀਪੁਰੀ, ਮਰਾਠੀ, ਨੇਪਾਲੀ, ਉੜੀਆ, ਸੰਸਕ੍ਰਿਤ, ਸਿੰਧੀ, ਤਾਮਿਲ, ਤੇਲਗੂ, ਉਰਦੂ, ਬੋਡੋ, ਸੰਥਾਲੀ, ਮੈਥਿਲੀ ਅਤੇ ਡੋਗਰੀ ਹਨ।

ਮਾਤ ਭਾਸ਼ਾ ਕਿਸੇ ਵੀ ਸੱਭਿਆਚਾਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਜਿਹੜੇ ਲੋਕ ਈਸ਼ਵਰਵਾਦੀ ਸੋਚ ਵਿੱਚ ਗ੍ਰਸਤ ਹੋ ਕੇ ਆਪਣੀ ਮਾਤ ਭਾਸ਼ਾ ਅਤੇ ਸੱਭਿਆਚਾਰ ਨੂੰ ਖ਼ਤਮ ਕਰ ਲੈਂਦੇ ਹਨ, ਉੱਥੇ ਅੱਤਵਾਦ ਅਤੇ ਅਰਾਜਕਤਾ ਪੈਰ ਜਮਾ ਲੈਂਦੀ ਹੈ। ਕਿਸੇ ਕੌਮ ਦੇ ਬੌਧਿਕ ਵਿਕਾਸ ਅਤੇ ਸਥਾਈਤਵ ਵਿੱਚ ਸੱਭਿਆਚਾਰ ਅਤੇ ਮਾਤ ਭਾਸ਼ਾ ਦੀ ਸਭ ਤੋਂ ਵੱਡੀ ਭੂਮਿਕਾ ਹੁੰਦੀ ਹੈ।

ਸੰਸਕ੍ਰਿਤ ਭਾਸ਼ਾ ਵਿੱਚ ਪਿਆ ਸ਼ਬਦਾਂ ਦਾ ਖਜ਼ਾਨਾ ਨਾ ਕੇਵਲ ਹਿੰਦੀ ਭਾਸ਼ਾ ਲਈ ਸਰਮਾਇਆ ਹੈ ਬਲਕਿ ਇਹ ਪੰਜਾਬੀ ਲਈ ਵੀ ਉਨਾਂ ਹੀ ਉਪਯੋਗੀ ਹੈ। ਹਾਲੇ ਵੀ ਪੰਜਾਬੀ ਭਾਸ਼ਾ ਲੋੜ ਪੈਣ ਤੇ ਸੰਸਕ੍ਰਿਤ ਦੇ ਨਵੇਂ ਸ਼ਬਦਾਂ ਦੀ ਵਰਤੋਂ ਕਰਦੀ ਹੈ ਅਤੇ ਸੰਸਕ੍ਰਿਤ ਦੇ ਸ਼ਬਦ ਸੋਖਿਆਂ ਹੀ ਪੰਜਾਬੀ ਭਾਸ਼ਾ ਵਿੱਚ ਰਚ-ਮਿਚ ਜਾਂਦੇ ਹਨ।

ਜਿਸ ਕਾਰਨ ਹੁਣ ਇਹ ਪਾਠਕ੍ਰਮ ਲਈ ਇੱਕ ਢੁੱਕਵੀਂ ਅਤੇ ਸੌਖੀ ਭਾਸ਼ਾ ਬਣ ਚੁੱਕੀ ਹੈ।

ਗੰਦੇ ਅਤੇ ਬੇਸੁਰੇ ਗੀਤ ਅਤੇ ਸੋਸ਼ਲ ਮੀਡੀਆ ਉੱਪਰ ਪੇਸ਼ ਕੀਤੀ ਜਾ ਰਹੀ ਲੱਚਰ ਕਮੇਡੀ ਪੰਜਾਬੀ ਭਾਸ਼ਾ ਉੱਪਰ ਮਾਰੂ ਹਮਲਾ ਕਰ ਰਹੀ ਹੈ। ਜਿਸਨੂੰ ਰੋਕਣ ਲਈ ਮੁੜ ਤੋਂ ਸੱਭਿਆਚਾਰਕ ਗੀਤਾਂ ਦੇ ਚਲਨ ਦੀ ਸਖ਼ਤ ਲੋੜ ਹੈ। ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਨੂੰ ਬਚਾਉਣ ਲਈ ਅੱਜ ਲੋੜ ਹੈ ਇੱਕ ਉਸਾਰੂ ਸੱਭਿਆਚਾਰ ਸਿਰਜਣ ਦੀ। ਯਮਲਾ ਜੱਟ, ਕੁਲਦੀਪ ਮਾਣਕ ਵਰਗੇ ਗਾਇਕ, ਸੁਰਿੰਦਰ ਕੌਰ, ਗੁਰਮੀਤ ਬਾਵਾ ਵਰਗੀਆਂ ਗਾਇਕਾਵਾਂ ਅਤੇ ਦੇਵ ਥਰੀਕਿਆ ਵਰਗੇ ਗੀਤਕਾਰਾਂ ਦੀ ਸਖ਼ਤ ਲੋੜ ਹੈ।



## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਕਿਸਾਨ ਅੰਦੋਲਨ ਦੀ ਫਤਹਿ ਅਤੇ ਸ਼ਹੀਦ ਹੋਏ ਕਿਸਾਨਾਂ ਨਮਿਤ ਅਖੰਡ ਪਾਠ ਸਾਹਿਬ ਕਰਵਾਏ

## ਦੀਪ ਸਿੱਧੂ ਦੀ ਯਾਦ 'ਚ ਕੈਂਡਲ ਲਾਈਟ ਵਿਜਿਲ, ਸੰਗਤਾਂ ਵੱਲੋਂ ਨਿੱਘੀ ਸ਼ਰਧਾਂਜਲੀ





**ਸੈਕਰਾਮੈਂਟੋ-** ਕਿਸਾਨ ਅੰਦੋਲਨ ਫਤਹਿ ਹੋਣ ਦੇ ਸ਼ੁਕਰਾਨੇ ਅਤੇ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿੱਚ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗਰੇਟਰ ਸਿਨਸਿਨਾਟੀ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨ-ਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਅਮਰੀਕ ਸਿੰਘ, ਭਾਈ ਨਿਰਮਲ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ, ਸ਼ਹੀਦ ਹੋਏ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

ਕਿਸਾਨ ਅੰਦੋਲਨ ਸ਼ੁਰੂ ਹੋਣ ਤੋਂ ਬਾਦ ਇਸ ਦੀ ਸਫਲਤਾ ਲਈ ਰੋਜਾਨਾ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਹੁੰਦੀ ਰਹੀ। ਇਸ ਦੌਰਾਨ ਬੀਤੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਕਿਸਾਨ ਅੰਦੋਲਨ ਵਿੱਚ ਨੌਜਵਾਨਾਂ ਦੇ ਆਗੂ ਰਹੇ ਅਤੇ ਅਦਾਕਾਰ ਦੀਪ ਸਿੱਧੂ (ਸੰਦੀਪ ਸਿੰਘ ਸਿੱਧੂ) ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਿਨਸਿਨਾਟੀ ਦੀ ਸਮੂਹ ਸੰਗਤ ਵੱਲੋਂ ਦੀਪ ਸਿੱਧੂ ਦੀ ਯਾਦ ਵਿੱਚ ਕੈਂਡਲ ਲਾਈਟ ਵੀਜੀਲ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਸੰਗਤ ਵਲੋਂ ਵਿਚਾਰ ਸਾਂਝੇ ਕੀਤੇ ਗਏ ਕਿ ਦੀਪ ਸਿੱਧੂ ਕਿਸਾਨ ਅੰਦੋਲਨ ਦੇ ਦੋਰਾਨ ਇੱਕ ਮਜ਼ਬੂਤ ਆਵਾਜ਼ ਸੀ ਜੋ ਮਨੁੱਖੀ ਅਧਿਕਾਰਾਂ, ਪੰਜਾਬ ਅਤੇ ਇਸਦੇ ਲੋਕਾਂ ਲਈ ਵਧੇਰੇ ਖੁਦਮੁਖਤਿਆਰੀ ਅਤੇ ਭਾਰਤ ਦੇ ਨਾਗਰਿਕਾਂ ਪ੍ਰਤੀ ਮਨੁੱਖਤਾ ਵਿਰੁੱਧ ਕੀਤੇ ਗਏ ਕਿਸੇ ਵੀ ਅਪਰਾਧ ਲਈ ਨਿਆਂ ਲਈ ਸ਼ਾਂਤਮਈ ਢੰਗ ਨਾਲ ਵਕਾਲਤ ਕਰਦਾ ਸੀ।

ਉਹਨਾਂ ਦੇ ਜਾਣ ਦਾ ਸਭਨਾਂ ਨੂੰ ਬਹੁਤ ਦੁੱਖ ਹੈ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਵੀ ਅਰੰਭ ਕੀਤੇ ਗਏ ਜਿਸ ਦਾ ਭੋਗ 27 ਫ਼ਰਵਰੀ ਨੂੰ ਪਵੇਗਾ।

# ਕੈਲੀਫੋਰਨੀਆ ਵਿਚ ਹੈਲੀਕਾਪਟਰ ਤਬਾਹ, ਇਕ ਪੁਲਿਸ ਅਫਸਰ ਦੀ ਮੌਤ ਇਕ ਜਖਮੀ



**ਸੈਕਰਾਮੈਂਟੋ 21 ਫਰਵਰੀ**-ਦੱਖਣੀ ਕੈਲੀਫੋਰਨੀਆ ਵਿਚ ਪੁਲਿਸ ਦਾ ਇਕ ਹੈਲੀਕਾਪਟਰ ਤਬਾਹ ਹੋ ਗਿਆ ਤੇ ਉਸ ਵਿਚ ਸਵਾਰ ਇਕ ਪੁਲਿਸ ਅਫਸਰ ਦੀ ਮੌਤ ਹੋ ਗਈ ਤੇ ਇਕ ਹੋਰ ਜਖਮੀ ਹੋ ਗਿਆ। ਪੁਲਿਸ ਮੁੱਖੀ ਏਰਿਕ ਪਾਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਹੰਟਿੰਗਟਨ ਬੀਚ ਪੁਲਿਸ ਵਿਭਾਗ ਦੇ ਹੈਲੀਕਾਪਟਰ ਐਚ ਬੀ-1 ਵਿਚ ਦੋ ਪੁਲਿਸ ਅਫਸਰ ਸਵਾਰ ਸਨ ਤੇ ਉਹ ਕਿਸੇ ਘਟਨਾ ਦੀ ਜਾਂਚ ਕਰਨ ਲਈ ਜਾ ਰਹੇ ਸਨ ਕਿ ਹੈਲੀਕਾਪਟਰ ਨਿਊ ਪੋਰਟ ਬੀਚ ਦੇ ਪਾਣੀ ਵਿਚ ਡਿੱਗ ਕੇ ਤਬਾਹ ਹੋ ਗਿਆ। ਇਸ ਹਾਦਸੇ ਵਿਚ 44 ਸਾਲਾ ਪੁਲਿਸ ਅਫਸਰ ਨਿਕੋਲਸ ਵੈਲਾ ਦੀ ਮੌਤ ਹੋ ਗਈ। ਇਕ ਹੋਰ ਪੁਲਿਸ ਅਫਸਰ ਜਖਮੀ ਹੋ ਗਿਆ ਜਿਸ ਦੀ ਹਾਲਤ ਸਥਿੱਰ ਹੈ। ਹਾਦਸੇ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ।

# ਔਰਤ ਨੇ ਬੇਰਹਿਮੀ ਨਾਲ ਕੀਤੀ ਪਤੀ ਦੀ ਹੱਤਿਆ, 140 ਵਾਰ ਮਾਰਿਆ ਚਾਕੂ



**ਸੈਕਰਾਮੈਂਟੋ 21 ਫਰਵਰੀ**-ਫਲੋਰਿਡਾ ਵਿਚ ਇਕ ਔਰਤ ਨੇ ਆਪਣੇ ਪਤੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ 61 ਸਾਲਾ ਜੋਅਨ ਬਰੂਕ ਨਾਮੀ ਔਰਤ ਨੇ ਆਪਣੇ ਪਤੀ ਉਪਰ ਚਾਕੂ ਨਾਲ 140 ਵਾਰ ਕੀਤੇ। ਉਸ ਵਿਰੁੱਧ ਫਸਟ ਡਿਗਰੀ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਹ ਪੁਲਿਸ ਹਿਰਾਸਤ ਵਿਚ ਹੈ। ਉਸ ਦੀ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਪਾਮ ਬੀਚ ਕਾਊਂਟੀ ਜੱਜ ਅੱਗੇ ਹੋਈ। ਸ਼ੱਕੀ ਦੋਸ਼ੀ ਜੋਅਨ ਦੇ ਪੁੱਤਰ ਵੱਲੋਂ ਫੋਨ ਕਰਨ 'ਤੇ ਪੁਲਿਸ ਮੌਕੇ ਉਪਰ ਪੁੱਜੀ। ਉਸ ਨੇ ਪੁਲਿਸ ਨੂੰ ਦੱਸਿਆ ਕਿ ਜਦੋਂ ਉਹ ਕੰਮ ਤੋਂ ਘਰ ਪੁੱਜਾ ਤਾਂ ਉਸ ਨੇ ਆਪਣੇ ਮਤਰੇਏ ਬਾਪ ਮੈਲਵਿਨ ਵੈਲਰ ਦੀ ਖੂਨ ਨਾਲ ਲੱਥਪੱਥ ਲਾਸ਼ ਰਸੋਈ ਵਿਚ ਪਈ ਵੇਖੀ। ਪੁਲਿਸ ਵੱਲੋਂ ਪੁੱਛਣ 'ਤੇ ਉਸ ਨੇ ਦੱਸਿਆ ਕਿ ਘਰ ਵਿਚ ਕੇਵਲ ਉਸ ਦੀ ਮਾਂ ਜੋਅਨ ਸੀ ਤੇ ਹੋਰ ਕੋਈ ਵੀ ਘਰ ਵਿਚ ਮੌਜੂਦ ਨਹੀਂ ਸੀ। ਪੁਲਿਸ ਨੇ ਵੇਖਿਆ ਕਿ ਅੱਧੀ ਰਸੋਈ ਦਾ ਫਰਸ਼ ਖੂਨ ਨਾਲ ਢੱਕਿਆ ਹੋਇਆ ਸੀ। ਪੁਲਿਸ ਨੇ ਮੌਕੇ ਤੋਂ ਫਰਸ਼ ਸਾਫ ਕਰਨ ਲਈ ਵਰਤਿਆ ਗਿਆ ਝਾੜੂ, ਪੋਚਾ ਤੇ ਹੋਰ ਸਮਾਨ ਵੀ ਬਰਾਮਦ ਕੀਤਾ। ਰਸੋਈ ਦੀਆਂ ਕੰਧਾਂ ਵੀ ਖੂਨ ਨਾਲ ਲਿਬੜੀਆਂ ਹੋਈਆਂ ਸਨ। ਪੁਲਿਸ ਅਨੁਸਾਰ ਮ੍ਰਿਤਕ ਦੇ ਸਰੀਰ ਉਪਰ ਚਾਕੂ ਦੇ ਕਈ ਜਖਮ ਸਨ। ਪੁਲਿਸ ਨੇ ਦੋ ਚਾਕੂ ਤੇ ਇਕ ਮੀਟ ਕੱਟਣ ਵਾਲਾ ਵੱਡਾ ਕਾਪਾ ਵੀ ਬਰਾਮਦ ਕੀਤਾ ਹੈ। ਪੋਸਟ ਮਾਰਟਮ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮ੍ਰਿਤਕ ਦੇ ਸਰੀਰ ਉਪਰ ਚਾਕੂਆਂ ਦੇ 140 ਜਖਮ ਸਨ ਤੇ ਉਸ ਦੇ ਸਿਰ ਉਪਰ ਵੀ ਵਾਰ ਕੀਤਾ ਗਿਆ ਹੈ। ਹੱਤਿਆ ਦਾ ਕਾਰਨ ਸਪਸ਼ਟ ਨਹੀਂ ਹੋ ਸਕਿਆ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਮ੍ਰਿਤਕ ਬਿਮਾਰ ਸੀ ਤੇ ਸਰੀਰਕ ਤੌਰ 'ਤੇ ਅਪਾਹਜ਼ ਸੀ।

# ਵਧ ਮਾਤਰਾ ਵਿਚ ਡਰੱਗ ਖਾਣ ਨਾਲ 3 ਔਰਤਾਂ ਸਣੇ 5 ਜਣਿਆਂ ਦੀ ਮੌਤ, ਦੋ ਨੂੰ ਬਚਾਇਆ

**ਸੈਕਰਾਮੈਂਟੋ 21 ਫਰਵਰੀ**-ਕੋਲੋਰਾਡੋ ਦੇ ਕਾਮਰਸ ਸ਼ਹਿਰ ਦੇ ਇਕ ਘਰ ਵਿਚੋਂ ਪੁਲਿਸ ਨੇ 5 ਜਣਿਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਮੌਕੇ ਤੋਂ ਨਜਾਇਜ਼ ਨਸ਼ੀਲਾ ਪਦਾਰਥ (ਡਰੱਗ ) ਵੀ ਬਰਾਮਦ ਹੋਇਆ ਹੈ। ਪੁਲਿਸ ਮੁਖੀ ਕਲਿੰਟ ਨਿਕੋਲਸ ਅਨੁਸਾਰ ਬਾਅਦ ਦੁਪਹਿਰ 3-45 ਵਜੇ ਨਾਰਥ ਰੇਂਜ ਕਰਾਸਿੰਗ ਅਪਾਰਟਮੈਂਟ ਤੋਂ ਇਕ ਫੋਨ ਆਉਣ 'ਤੇ ਪੁਲਿਸ ਮੌਕੇ 'ਤੇ ਪੁੱਜੀ। ਪੁਲਿਸ ਨੂੰ ਮੌਕੇ 'ਤੇ 6 ਬਾਲਗ ਤੇ ਇਕ 4 ਮਹੀਨਿਆਂ ਦਾ ਬੱਚਾ ਮਿਲਿਆ। ਇਨਾਂ ਵਿਚੋਂ 5 ਦੀ ਮੌਤ ਹੋ ਚੁੱਕੀ ਸੀ। ਇਕ ਬਾਲਗ ਤੇ ਬੱਚੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮ੍ਰਿਤਕਾਂ ਵਿਚ 3 ਔਰਤਾਂ ਤੇ 2 ਮਰਦ ਸ਼ਾਮਿਲ ਹਨ। ਮੌਕੇ ਤੋਂ ਕਿਸੇ ਤਰਾਂ ਦੀ ਹਿੰਸਾ ਹੋਣ ਦੇ ਸਬੂਤ ਨਹੀਂ ਮਿਲੇ ਹਨ। ਸਮਝਿਆ ਜਾਂਦਾ ਹੈ ਕਿ ਇਨਾਂ ਦੀ ਮੌਤ ਵਧੇਰੇ ਮਾਤਰਾ ਵਿਚ ਨਸ਼ੀਲਾ ਪਦਾਰਥ ਖਾਣ ਨਾਲ ਹੋਈ ਹੈ। ਪੁਲਿਸ ਮੁਖੀ ਨੇ ਕਿਹਾ ਕਿ ਮੌਕੇ ਤੋਂ ਬਰਾਮਦ ਗੈਰਕਾਨੂੰਨੀ ਨਸ਼ੀਲੇ ਪਦਾਰਥ ਦੀ ਜਾਂਚ ਉਪਰੰਤ ਹੀ ਪਤਾ ਲੱਗੇਗਾ ਕਿ ਇਹ ਅਸਲ ਵਿਚ ਕੀ ਹੈ। ਇਸ ਸਮੇ ਇਸ ਬਾਰੇ ਕੁਝ ਕਹਿਣਾ ਅਣਉਚਿੱਤ ਹੋਵੇਗਾ। ਪੁਲਿਸ ਵੱਲੋਂ ਸਰਚ ਵਾਰੰਟ ਲੈ ਕੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਉਨਾਂ ਕਿਹਾ ਕਿ ਬੱਚੇ ਦੀ ਹਾਲਤ ਵਿਚ ਸੁਧਾਰ ਹੋ ਰਿਹਾ ਹੈ। ਪੁਲਿਸ ਨੇ ਅਜੇ ਮ੍ਰਿਤਕਾਂ ਦੇ ਨਾਂ ਨਹੀਂ ਦੱਸੇ ਹਨ।

# ਪੋਰਟਲੈਂਡ ਵਿਚ ਹੋਈ ਗੋਲੀਬਾਰੀ ਵਿਚ ਇਕ ਔਰਤ ਦੀ ਮੌਤ, 5 ਜਖਮੀ



**ਸੈਕਰਾਮੈਂਟੋ 21 ਫਰਵਰੀ**-ਪੋਰਟਲੈਂਡ, ਓਰਗੋਨ, ਵਿਚ ਹੋਈ ਗੋਲੀਬਾਰੀ ਵਿਚ ਇਕ ਔਰਤ ਦੀ ਮੌਤ ਹੋ ਗਈ ਤੇ 5 ਹੋਰ ਜਖਮੀ ਹੋ ਗਏ। ਗੋਲੀਬਾਰੀ ਤੋਂ ਪਹਿਲਾਂ ਦੋ ਧਿਰਾਂ ਵਿਚਾਲੇ ਤਕਰਾਰ ਵੀ ਹੋਇਆ। ਪੋਰਟਲੈਂਡ ਪੁਲਿਸ ਬਿਊਰੋ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਦੋਨੋਂ ਧਿਰਾਂ ਹਥਿਆਰਬੰਦ ਸਨ। ਪ੍ਰਾਪਤ ਵੇਰਵੇ ਅਨੁਸਾਰ ਕੁਝ ਲੋਕ ਨਾਰਮੰਡੇਲ ਪਾਰਕ ਵਿਚ 22 ਸਾਲਾ ਕਾਲੇ ਵਿਅਕਤੀ ਆਮਿਰ ਲੌਕੀ ਦੀ ਇਸ ਮਹੀਨੇ ਦੇ ਸ਼ੁਰੂ ਵਿਚ ਮਿਨੀਆਪੋਲਿਸ ਦੇ ਇਕ ਪੁਲਿਸ ਅਫਸਰ ਹਥੋਂ ਹੋਈ ਹੱਤਿਆ ਦੇ ਵਿਰੋਧ ਵਿਚ ਪ੍ਰਦਰਸ਼ਨ ਕਰਨ ਲਈ ਇਕੱਤਰ ਹੋਏ ਸਨ। ਨੇੜੇ ਰਹਿੰਦੇ ਇਕ ਘਰ ਦੇ ਮਾਲਕ ਨਾਲ ਪ੍ਰਦਰਸ਼ਨਕਾਰੀਆਂ ਦੀ ਤੂੰ-ਤੂੰ, ਮੈ-ਮੈ ਹੋਈ ਜਿਸ ਉਪਰੰਤ ਗੋਲੀਆਂ ਚੱਲੀਆਂ। ਪੁਲਿਸ ਨੂੰ ਮੌਕੇ 'ਤੇ ਮੌਜੂਦ ਲੋਕਾਂ ਨੇ ਕੁਝ ਨਹੀਂ ਦੱਸਿਆ ਤੇ ਸਾਰੇ ਉਥੋਂ ਖਿਸਕ ਗਏ। ਪੁਲਿਸ ਨੇ ਲੋਕਾਂ ਨੂੰ ਜਾਂਚ ਵਿਚ ਸਹਿਯੋਗ ਕਰਨ ਲਈ ਕਿਹਾ ਹੈ। ਜਖਮੀਆਂ ਵਿਚ ਦੋ ਵਿਅਕਤੀ ਤੇ 3 ਔਰਤਾਂ ਸ਼ਾਮਿਲ ਹਨ ਜਿਨਾਂ ਨੂੰ ਨੇੜੇ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

# ਕੈਲੀਫੋਰਨੀਆ ਵਿਚ ਹਵਾਈ ਅੱਡੇ ਨੇੜੇ ਅੱਗ ਲੱਗਣ ਨਾਲ ਹਜਾਰਾਂ ਏਕੜ ਜੰਗਲ ਸੜਕੇ ਹੋਇਆ ਸਵਾਹ



**ਸੈਕਰਾਮੈਂਟੋ 18 ਫਰਵਰੀ**-ਕੈਲੀਫੋਰਨੀਆ ਵਿਚ ਸੀਰਾ ਨੇਵਾਡਾ ਦੀਆਂ ਪਹਾੜੀਆਂ ਨੇੜੇ ਜੰਗਲ ਨੂੰ ਲੱਗੀ ਅੱਗ ਨੇ ਹਜਾਰਾਂ ਏਕੜ ਜੰਗਲੀ ਰਕਬਾ ਸਾੜ ਕੇ ਸਵਾਹ ਕਰ ਦਿੱਤਾ ਹੈ ਤੇ ਇਸ ਖੇਤਰ ਵਿਚ ਰਹਿੰਦੇ ਲੋਕ ਨਾਲ ਲੱਗਦੀਆਂ ਹੋਰ ਥਾਵਾਂ 'ਤੇ ਜਾਣ ਲਈ ਮਜਬੂਰ ਹੋਏ ਹਨ। ਇਕ ਅਨੁਮਾਨ ਅਨੁਸਾਰ ਤਕਰੀਬਨ 2800 ਏਕੜ ਜੰਗਲ ਸੜ ਗਿਆ ਹੈ। ਕੈਲੀਫੋਰਨੀਆ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਅੱਗ ਪੂਰਬੀ ਸੀਰਾ ਰਿਜਨਲ ਏਅਰਪੋਰਟ ਦੇ ਬਾਹਰਵਾਰ ਲੰਘੇ ਦਿਨ ਦੁਪਹਿਰ 1130 ਵਜੇ ਸ਼ੁਰੂ ਹੋਈ ਤੇ ਥੋਹੜੇ ਜਿਹੇ ਸਮੇ ਦੌਰਾਨ ਹੀ 6 ਵਰਗ ਮੀਲ ਖੇਤਰ ਵਿਚ ਫੈਲ ਗਈ। ਅੱਗ ਬੁਝਾਊ ਅਮਲੇ ਨੇ ਅੱਗ ਨੂੰ ਅਗੇ ਵਧਣ ਤੋਂ ਰੋਕਣ ਲਈ ਪੂਰੀ ਵਾਹ ਲਾਈ। ਏਅਰ ਪੋਰਟ ਬੰਦ ਕਰ ਦਿੱਤਾ ਗਿਆ। ਓਵਨਜ ਵੈਲੀ ਰੇਡੀਓ ਅਬਜ਼ਰਵੇਟਰੀ ਤੇ ਵਾਈਟ ਮਾਊਂਟੇਨ ਰਿਸਰਚ ਸੈਂਟਰ ਨੂੰ ਖਾਲੀ ਕਰਵਾ ਲਿਆ ਗਿਆ। ਬਾਅਦ ਵਿਚ 2000 ਤੋਂ ਘੱਟ ਦੀ ਆਬਾਦੀ ਵਾਲੇ ਕਸਬੇ ਬਿਗ ਪਾਈਨ ਨੂੰ ਵੀ ਖਾਲੀ ਕਰਵਾਉਣਾ ਪਿਆ। ਯੁਨੀਵਰਸਿਟੀ ਆਫ ਕੈਲੀਫੋਰਨੀਆ ਦੇ ਵਾਈਟ ਮਾਊਂਟੇਨ ਰਿਸਚਰ ਸੈਂਟਰ ਦੇ ਬੁਲਾਰੇ ਗੇਲੀਨ ਕਿੰਜ਼ੀ ਨੇ ਕਿਹਾ ਹੈ ਕਿ ਅੱਗ ਸਾਡੇ ਸੈਂਟਰ ਤੋਂ ਤਕਰੀਬਨਲ 600 ਫੁੱਟ ਦੂਰ ਲੱਗੀ ਹੈ ਪਰੰਤੂ ਅਸੀਂ ਖੁਸ਼ ਕਿਸਮਤ ਹਾਂ ਕਿ ਸਾਡੇ ਸੈਂਟਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ। ਅੱਗ ਲੱਗਣ ਦੇ ਕਾਰਨ ਦਾ ਪਤਾ ਲਾਇਆ ਜਾ ਰਿਹਾ ਹੈ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੇ ਜੰਗਲਾਂ ਨੂੰ ਹਰ ਸਾਲ ਅੱਗਾਂ ਲੱਗਦੀਆਂ ਹਨ ਜੋ ਹਜਾਰਾਂ ਏਕੜ ਜੰਗਲ ਨੂੰ ਤਬਾਹ ਕਰ ਦਿੰਦੀਆਂ ਹਨ। ਇਸ ਦਾ ਵਾਤਾਵਰਣ ਤੇ ਲੋਕਾਂ ਦੀ ਸਿਹਤ ਉਪਰ ਵੀ ਬੁਰਾ ਅਸਰ ਪੈਂਦਾ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜਿਆਦਾਤਰ ਅੱਗਾਂ ਕਿਸੇ ਨਾ ਕਿਸੇ ਵਿਅਕਤੀ ਦੀ ਲਾਪਰਵਾਹੀ ਕਾਰਨ ਹੀ ਲੱਗਦੀਆਂ ਹਨ।

# ਵੈਲੇਨਟਾਈਨ ਡੇ-ਪਰਿਭਾਸ਼ਾ, ਇਤਿਹਾਸ, ਪਰੰਪਰਾਵਾਂ ਤੇ ਸਭਿਆਚਾਰ ’ਤੇ ਪ੍ਰਭਾਵ



ਪ੍ਰੋ: ਐਚ. ਐਲ. ਕਪੂਰ

ਸੰਯੁਕਤ ਰਾਜ ਅਮਰੀਕਾ ਵਿਚ ਵੈਲੇਨਟਾਈਨ ਡੇਅ ਹਰ ਸਾਲ 14 ਫਰਵਰੀ ਨੂੰ ਮਨਾਇਆ ਜਾਂਦਾ ਹੈ। ਇਹ ਰੋਮਾਂਟਿਕ ਪਿਆਰ ਦਾ ਤਿਉਹਾਰ ਹੈ ਅਤੇ ਬਹੁਤ ਸਾਰੇ ਲੋਕ ਆਪਣੇ ਜੀਵਨ ਸਾਥੀ ਜਾਂ ਸਾਥੀ ਨੂੰ ਕਾਰਡ, ਚਿੱਠੀਆਂ, ਫੁੱਲ ਜਾਂ ਤੋਹਫ਼ੇ ਦਿੰਦੇ ਹਨ। ਉਹ ਕਿਸੇ ਰੈਸਟੋਰੈਂਟ ਜਾਂ ਹੋਟਲ ਵਿਚ ਰਾਤ ਨੂੰ ਰੋਮਾਂਟਿਕ ਭੋਜਨ ਦਾ ਪ੍ਰਬੰਧ ਵੀ ਕਰ ਸਕਦੇ ਹਨ। ਵੈਲੇਨਟਾਈਨ ਡੇਅ ਦੇ ਆਮ ਪ੍ਰਤੀਕ ਦਿਲ, ਲਾਲ ਗੁਲਾਬ ਅਤੇ ਖਾਹਿਸ਼ ਜਾਂ ਪਿਆਰ ਹੁੰਦੇ ਹਨ।

ਬਹੁਤ ਸਾਰੇ ਲੋਕ ਕਾਰਡ ਜਾਂ ਚਿੱਠੀਆਂ ਭੇਜ ਕੇ, ਤੋਹਫ਼ੇ ਜਾਂ ਫੁੱਲ ਦੇ ਕੇ ਅਤੇ ਰੈਸਟੋਰੈਂਟਾਂ ਜਾਂ ਹੋਟਲਾਂ ਵਿਚ ਰੋਮਾਂਟਿਕ ਰਾਤਾਂ ਦਾ ਪ੍ਰਬੰਧ ਕਰਕੇ ਆਪਣੇ ਸਾਥੀ ਲਈ ਆਪਣੇ ਪਿਆਰ ਦਾ ਜਸ਼ਨ ਮਨਾਉਂਦੇ ਹਨ। ਜੋ ਲੋਕ ਕਿਸੇ ਨਾਲ ਰੋਮਾਂਟਿਕ ਰਿਸ਼ਤਾ ਬਣਾਉਣਾ ਚਾਹੁੰਦੇ ਹਨ, ਉਹ ਅਕਸਰ ਗੁੰਮਨਾਮ ਰੂਪ ਵਿਚ ਇਸ ਨੂੰ ਜਾਣੂ ਕਰਾਉਣ ਲਈ ਮੌਕੇ ਦੀ ਵਰਤੋਂ ਕਰ ਸਕਦੇ ਹਨ। ਵੈਲੇਨਟਾਈਨ ਕਾਰਡਾਂ ਨੂੰ ਅਕਸਰ ਦਿਲਾਂ, ਲਾਲ ਗੁਲਾਬ ਜਾਂ ਪਿਆਰ ਦੀਆਂ ਤਸਵੀਰਾਂ ਨਾਲ ਸਜਾਇਆ ਜਾਂਦਾ ਹੈ। ਵੈਲੇਨਟਾਈਨ ਡੇਅ ਦੇ ਆਮ ਤੋਹਫ਼ੇ ਫੁੱਲਾਂ ਦੀ ਚਾਕਲੇਟ, ਕੈਂਡੀ, ਲਿੰਗਰੀ ਅਤੇ ਸ਼ੈਂਪੇਨ ਜਾਂ ਸਪਾਰਕਲਿੰਗ ਵਾਈਨ ਹਨ। ਹਾਲਾਂਕਿ, ਕੁਝ ਲੋਕ ਇਸ ਮੌਕੇ ਦੀ ਵਰਤੋਂ ਸ਼ਾਨਦਾਰ ਤੋਹਫ਼ੇ ਪੇਸ਼ ਕਰਨ ਲਈ ਕਰਦੇ ਹਨ, ਜਿਵੇਂ ਕਿ ਗਹਿਣੇ ਆਦਿ। ਬਹੁਤ ਸਾਰੇ ਰੈਸਟੋਰੈਂਟਾਂ ਅਤੇ ਹੋਟਲਾਂ ਵਿਚ ਇਸ ਸਮੇਂ ਵਿਸ਼ੇਸ਼ ਪੇਸ਼ਕਸ਼ਾਂ ਹੁੰਦੀਆਂ ਹਨ। ਇਹਨਾਂ ਵਿਚ ਰੋਮਾਂਟਿਕ ਭੋਜਨ ਜਾਂ ਵੀਕਐਂਡ ਬ੍ਰੇਕ ਸ਼ਾਮਲ ਹੋ ਸਕਦੇ ਹਨ।

ਅਮਰੀਕਾ ਵਿਚ ਵੈਲਨਟਾਈਨ ਡੇਅ ’ਤੇ ਜਨਤਕ ਛੁੱਟੀ ਨਹੀਂ ਹੁੰਦੀ। ਸਰਕਾਰੀ ਦਫ਼ਤਰ, ਸਟੋਰ, ਸਕੂਲ ਅਤੇ ਹੋਰ ਸੰਸਥਾਵਾਂ ਆਮ ਖੁੱਲ੍ਹੀਆਂ ਹੁੰਦੀਆਂ ਹਨ। ਜਨਤਕ ਆਵਾਜਾਈ ਪ੍ਰਣਾਲੀਆਂ ਉਹਨਾਂ ਦੀ ਨਿਯਮਿਤ ਸੂਚੀ ’ਤੇ ਹੀ ਚਲਦੀਆਂ ਹਨ। ਰੈਸਟੋਰੈਂਟ ਆਮ ਦਿਨਾਂ ਨਾਲੋਂ ਜ਼ਿਆਦਾ ਵਿਅਸਤ ਹੋ ਸਕਦੇ ਹਨ ਕਿਉਂਕਿ ਬਹੁਤ ਸਾਰੇ ਲੋਕ ਆਪਣੇ ਜੀਵਨ ਸਾਥੀ ਜਾਂ ਸਾਥੀ ਨਾਲ ਇਕ ਸ਼ਾਮ ਲਈ ਬਾਹਰ ਜਾਂਦੇ ਹਨ। ਵੈਲਨਟਾਈਨ ਡੇਅ ਵੀ ਵਿਆਹਾਂ ਲਈ ਬਹੁਤ ਮਸ਼ਹੂਰ ਤਾਰੀਖ ਹੈ।

ਵੈਲੇਨਟਾਈਨ ਕਹਾਉਣ ਵਾਲੇ ਬਹੁਤ ਸਾਰੇ ਸੰਤ ਹਨ ਜਿਨ੍ਹਾਂ ਨੂੰ 14 ਫਰਵਰੀ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਹ ਦਿਨ ਇੰਗਲੈਂਡ ਵਿਚ ਮੱਧ ਯੁੱਗ ਵਿਚ ਰੋਮਾਂਟਿਕ ਪਿਆਰ ਨਾਲ ਜੋੜਿਆ ਹੋਇਆ ਸੀ। ਇਹ ਪੈਗਲ ਉਪਜਾਊ ਤਿਉਹਾਰਾਂ ਤੋਂ ਬਾਅਦ ਹੋ ਸਕਦਾ ਹੈ ਸਰਦੀਆਂ ਦੇ ਅੰਤ ਦੇ ਨਾਲ ਸਾਰੇ ਯੂਰਪ ਵਿਚ ਆਯੋਜਿਤ ਕੀਤੇ ਗਏ ਸਨ। ਰਵਾਇਤੀ ਤੌਰ ’ਤੇ, ਪ੍ਰੇਮੀਆਂ ਨੇ ਹੱਥ ਲਿਖਤ ਨੋਟਾਂ ਦਾ ਆਦਾਨ-ਪ੍ਰਦਾਨ ਕੀਤਾ। ਉਨੀਵੀਂ ਸਦੀ ਦੇ ਮੱਧ ਵਿਚ ਵਪਾਰਕ ਕਾਰਡ ਉਪਲਬਧ ਹੋ ਗਏ ਸਨ।

ਸਭ ਤੋਂ ਆਮ ਵੈਲੇਨਟਾਈਨ ਡੇਅ ਪ੍ਰਤੀਕ ਦਿਲ ਹਨ, ਖਾਸ ਤੌਰ ’ਤੇ ਲਾਲ ਅਤੇ ਗੁਲਾਬੀ ਰੰਗਾਂ ਵਿਚ ਅਤੇ ਕਾਮਪਡ ਦੀਆਂ ਤਸਵੀਰਾਂ ਜਾਂ ਮਾਡਲ। ਕਾਮਪਿਡ ਨੂੰ ਆਮ ਤੌਰ ’ਤੇ ਧਨੁਸ਼ ਅਤੇ ਤੀਰ ਦੇ ਨਾਲ ਇਕ ਛੋਟੇ ਖੰਭਾਂ ਵਾਲੇ ਚਿੱਤਰ ਵਜੋਂ ਦਰਸਾਇਆ ਜਾਂਦਾ ਹੈ। ਮਿਥਿਹਾਸ ਵਿਚ, ਉਹ ਲੋਕਾਂ ਦੇ ਦਿਲਾਂ ਨੂੰ ਮਾਰਨ ਲਈ ਆਪਣੇ ਤੀਰ ਦੀ ਵਰਤੋਂ ਕਰਦਾ ਹੈ। ਜਿਹੜੇ ਲੋਕ ਪਿਆਰ ਵਿਚ ਡਿੱਗ ਗਏ ਹਨ, ਉਨ੍ਹਾਂ ਨੂੰ ਕਈ ਵਾਰ ’ਕਿਊਪਿਡ ਦੇ ਤੀਰ ਨਾਲ ਮਾਰਿਆ ਗਿਆ’ ਕਿਹਾ ਜਾਂਦਾ ਹੈ। ਵੈਲੇਨਟਾਈਨ ਡੇਅ ਦੇ ਹੋਰ ਪ੍ਰਤੀਕ ਪਿਆਰ ਭਰੇ ਗਲੇ ਅਤੇ ਫੁੱਲਾਂ, ਚਾਕਲੇਟ, ਲਾਲ ਗੁਲਾਬ ਅਤੇ ਲਿੰਗਰੀ ਦੇ ਤੋਹਫ਼ੇ ਵਿਚ ਜੋੜੇ ਹਨ ਜੋ ਜੋੜੇ ਅਕਸਰ ਇਕ ਦੂਜੇ ਨੂੰ ਦਿੰਦੇ ਹਨ।

ਵੈਲੇਨਟਾਈਨ ਡੇਅ ਦੀ ਸ਼ੁਰੂਆਤ ਸਪਸ਼ਟ ਨਹੀਂ ਹੈ, ਹਾਲਾਂਕਿ ਵੈਲਨਟਾਈਨ ਨਾਮ ਦੇ ਕਈ ਇਸਾਈ ਸ਼ਹੀਦ ਸਨ ਹੋ ਸਕਦਾ ਹੈ ਕਿ ਇਸ ਦਿਨ ਦਾ ਨਾਮ ਇਕ ਪਾਦਰੀ ਤੋਂ ਲਿਆ ਗਿਆ ਹੋਵੇ, ਜਿਸ ਨੂੰ ਸਮਰਾਟ ਕਲਾਉਡੀਅਸ 11 (ਦੂਜਾ) ਗੋਥੀਕਸ ਦੁਆਰਾ ਲਗਭਗ 270 ਈਸਵੀ ਵਿਚ ਸ਼ਹੀਦ ਕੀਤਾ ਗਿਆ ਸੀ। ਦੰਤਕਥਾ ਦੇ ਅਨੁਸਾਰ ਪਾਦਰੀ ਨੇ ਆਪਣੇ ਜੇਲਰ ਦੀ ਧੀ ਨੂੰ ’’ਤੁਹਾਡੇ ਵੈਲੇਨਟਾਈਨ ਤੋਂ’’ ਇਕ ਪੱਤਰ ’ਤੇ ਦਸਤਖਤ ਕੀਤੇ ਜਿਸ ਨਾਲ ਉਸਨੇ ਦੋਸਤੀ ਕੀਤੀ ਸੀ ਅਤੇ ਕੁਝ ਖਾਤਿਆਂ ਦੁਆਰਾ, ਅੰਨੇਪਣ ਤੋਂ ਠੀਕ ਹੋ ਗਿਆ ਸੀ। ਹੋਰ ਬਿਰਤਾਂਤ ਮੰਨਦੇ ਹਨ ਕਿ ਇਹ ਸੇਂਟ ਵੈਲੇਨਟਾਈਨ ਆਫ ਟਰਨੀ ਸੀ। ਇਸ ਬਿਸ਼ਪ, ਜਿਸ ਲਈ ਛੁੱਟੀ ਦਾ ਨਾਮ ਰੱਖਿਆ ਗਿਆ ਸੀ, ਹਾਲਾਂਕਿ ਇਹ ਸੰਭਵ ਹੈ ਕਿ ਦੋ ਸੰਤ ਅਸਲ ਵਿਚ ਇਕ ਵਿਅਕਤੀ ਸਨ। ਇਕ ਹੋਰ ਆਮ ਕਥਾ ਦੱਸਦੀ ਹੈ ਕਿ ਸੇਂਟ ਵੈਲੇਨਟਾਈਨ ਨੇ ਸਮਰਾਟ ਦੇ ਹੁਕਮਾਂ ਦੀ ਉਲੰਘਣਾ ਕੀਤੀ ਅਤੇ ਪਤੀਆਂ ਨੂੰ ਯੁੱਧ ਤੋਂ ਬਚਾਉਣ ਲਈ ਗੁਪਤ ਤੌਰ ’ਤੇ ਵਿਆਹ ਕਰਵਾ ਲਿਆ। ਇਹੀ ਕਾਰਨ ਹੈ ਕਿ ਉਸ ਦੇ ਤਿਉਹਾਰ ਦਾ ਸਬੰਧ ਇਕ ਪਿਆਰ ਨਾਲ ਜੁੜਿਆ ਹੋਇਆ ਹੈ। ਇਸੇ ਲਈ ਹੀ ਇਹ ਦਿਨ ਉਕਤ ਸੰਤ ਦੀ ਸ਼ਹੀਦੀ 14 ਫਰਵਰੀ ਜਾਂ ਇਸ ਦੇ ਆਸ ਪਾਸ ਸ਼ਹੀਦ ਹੋਣ ’ਤੇ ਹਰ ਸਾਲ ਮਨਾਇਆ ਜਾਂਦਾ ਹੈ। ਉਹ ਪ੍ਰੇਮੀਆਂ ਦਾ ਸਰਪਰਸ ਸੰਤ ਕਿਵੇਂ ਬਣਿਆ ਇਹ ਇਕ ਰਹੱਸ ਬਣਿਆ ਹੋਇਆ ਹੈ ਪਰ ਇਕ ਸਿਧਾਂਤ ਇਹ ਹੈ ਕਿ ਚਰਚ ਨੇ ਸੇਂਟ ਵੈਲੇਨਟਾਈਨ ਦੀ ਸ਼ਹਾਦਤ ਦੇ ਦਿਨ ਦੀ ਵਰਤੋਂ ਪੁਰਾਣੇ ਰੋਮਨ ਲੂਪਰਕਲੀਆਂ ਨੂੰ ਇਸਾਈ ਬਣਾਉਣ ਲਈ ਕੀਤੀ ਸੀ, ਜੋ ਫਰਵਰੀ ਦੇ ਅੱਧ ਦੇ ਆਸ-ਪਾਸ ਆਯੋਜਿਤ ਇਕ ਮੂਰਤੀ ਤਿਉਹਾਰ ਸੀ।

ਪ੍ਰਾਚੀਨ ਰਸਮ ਵਿਚ ਕੁੜੀਆਂ ਦੇ ਨਾਮ ਇਕ ਬਕਸੇ ਵਿਚ ਪਾਉਣਾ ਅਤੇ ਮੁੰਡਿਆਂ ਨੂੰ ਉਹਨਾਂ ਨੂੰ ਕੱਢਣ ਦੇਣਾ ਸ਼ਾਮਲ ਸੀ। ਫਿਰ ਅਗਲੇ ਸਾਲ ਤੱਕ ਜੋੜਿਆਂ ਨੂੰ ਜੋੜਿਆ ਜਾਵੇਗਾ। ਕ੍ਰਿਸ਼ਚੀਅਨ ਚਰਚ ਨੇ ਕੁੜੀਆਂ ਦੇ ਨਾਵਾਂ ਲਈ ਸੰਤਾਂ ਦੇ ਨਾਵਾਂ ਨੂੰ ਇਸ ਉਮੀਦ ਵਿਚ ਬਦਲ ਦਿੱਤਾ ਕਿ ਭਾਗੀਦਾਰ ਉਸ ਸੰਤ ਦੇ ਬਾਅਦ, ਆਪਣੀ ਜਿੰਦਗੀ ਦਾ ਮਾਡਲ ਬਣਾਏਗਾ, ਜਿਸ ਦਾ ਨਾਮ ਉਸ ਨੇ ਲਿਆ ਸੀ। ਹਾਲਾਂਕਿ, ਇਹ ਇਕ ਵਾਰ ਫਿਰ ਕੁੜੀਆਂ ਦੇ ਨਾਮ ਸਨ ਜੋ 16 ਵੀਂ ਸਦੀ ਤੱਕ ਬਾਕਸ ਵਿਚ ਖਤਮ ਹੋ ਗਏ ਸਨ।

ਆਖਿਰਕਾਰ ਉਹਨਾਂ ਲੋਕਾਂ ਨੂੰ ਅਗਿਆਤ ਕਾਰਡ ਜਾਂ ਸੰਦੇਸ਼ ਭੇਜਣ ਦਾ ਰਿਵਾਜ਼, ਜਿਨ੍ਹਾਂ ਦੀ ਕਿਸੇ ਨੇ ਪ੍ਰਸ਼ੰਸਾ ਕੀਤੀ ਸੀ, ਵੈਲੇਨਟਾਈਨ ਦਿਵਸ ਮਨਾਉਣ ਦਾ ਪ੍ਰਵਾਨਿਤ ਤਰੀਕਾ ਬਣ ਗਿਆ। ਪਹਿਲਾਂ ਸੰਯੁਕਤ ਰਾਜ ਅਮਰੀਕਾ ਅਤੇ ਫਿਰ ਕੈਨੇਡਾ ਵਿਚ 19ਵੀਂ ਸਦੀ ਦੇ ਅੱਧ ਵਿਚ ਵੈਲੇਨਟਾਈਨ ਡੇਅ ਪ੍ਰਤੀ ਦਿਲਚਸਪੀ ਵਿਚ ਵਾਧਾ ਹੋਇਆ।

ਵੈਲੇਨਟਾਈਨ ਕਾਰਡਾਂ ਦੇ ਸ਼ੁਰੂਆਤੀ ਸੰਸਕਰਣ ਸਾਟਿਨ ਅਤੇ ਲੈਸ ਦੇ ਬਣਾਏ ਗਏ ਅਤੇ ਫੁੱਲਾਂ, ਰਿਬਨਾਂ ਅਤੇ ਕਪਿਡਸ ਜਾਂ ਪੰਛੀਆਂ ਦੀਆਂ ਤਸਵੀਰਾਂ ਨਾਲ ਸਜਾਏ ਗਏ। 1880 ਦੇ ਦਹਾਕੇ ਵਿਚ ਇੰਗਲੈਂਡ ਵਿਚ ਪ੍ਰਗਟ ਹੋਏ। ਇਸ ਤਰ੍ਹਾਂ ਇਹ ਦਿਨ 19ਵੀਂ ਸਦੀ ਵਿਚ ਸ਼ੁਰੂਆਤੀ ਆਧੁਨਿਕ ਇੰਗਲੈਂਡ ਵਿਚ ਵਿਕਸਤ ਹੋਇਆ ਤੇ ਇਸ ਤੋਂ ਬਾਅਦ ਅੰਗਰੇਜ਼ੀ ਬੋਲਣ ਵਾਲੇ ਸੰਸਾਰ ਵਿਚ ਫੈਲਿਆ। 20 ਵੀਂ ਸਦੀ ਦੇ ਬਾਅਦ ਅਤੇ 21 ਵੀਂ ਸਦੀ ਦੇ ਸ਼ੁਰੂ ਵਿਚ, ਇਹ ਰੀਤੀ ਰਿਵਾਜ਼ ਦੂਜੇ ਦੇਸ਼ਾਂ ਵਿਚ ਫੈਲ ਗਏ, ਜਿਵੇਂ ਕਿ ਹੇਲੋਵੀਨ ਜਾਂ ਕ੍ਰਿਸਮਿਸ ਸਨ। ਅੱਜ ਦੇ ਦੌਰ ਵਿਚ ਇਸ ਡੇਅ ਦੀ ਸਥਿਤੀ ਇਹ ਹੈ ਕਿ ਇਹ ਸਾਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ ਪਰ ਕੁਝ ਧਰਮ ਜਾਂ ਫਿਰਕੇ ਜਾਂ ਸੰਸਥਾਵਾਂ ਇਸ ਤਰ੍ਹਾਂ ਦੇ ਸਭਿਆਚਾਰ ਦਾ ਵਰੋਧ ਵੀ ਕਰਦੇ ਹਨ ਤੇ ਉਨ੍ਹਾਂ ਨੇ ਆਪਣੇ ਦੇਸ਼ਾਂ ’ਚ ਪਾਬੰਦੀਆਂ ਵੀ ਲਾਈਆਂ ਹੋਈਆਂ ਹਨ।




ਭਾਰਤ ਵਿਚ, ਪੁਰਾਤਨ ਸਮੇਂ ਵਿਚ ਪ੍ਰੇਮ ਦੇ ਸੁਆਮੀ, ਨਾਮਦੇਵ ਦੀ ਪੂਜਾ ਕਰਨ ਦੀ ਪ੍ਰੰਪਰਾ ਸੀ; ਖਜੂਰਾਹੋ ਸਮੂਹ ਦੇ ਸਮਾਰਕਾਂ ਵਿਚ ਕਾਮੁਕ ਨੱਕਾਸ਼ੀ ਅਤੇ ਕਾਮਸੂਤਰ ਦੀ ਲਿਖਤ ਦੁਆਰਾ ਉਦਾਹਰਣ ਦਿੱਤੀ ਗਈ ਹੈ। ਇਹ ਪ੍ਰੰਪਰਾ ਮੱਧ ਯੁੱਗ ਦੇ ਆਲੇ-ਦੁਆਲੇ ਗੁਆਚ ਗਈ ਸੀ, ਜਦੋਂ ਕਾਮਦੇਵ ਨੂੰ ਹੁਣ ਨਹੀਂ ਮਨਾਇਆ ਜਾਂਦਾ ਸੀ ਅਤੇ ਜਿਨਸੀ ਪਿਆਰ ਦੇ ਜਨਤਕ ਪ੍ਰਦਰਸ਼ਨਾਂ ਨੂੰ ਭੜਕਾਇਆ ਗਿਆ ਸੀ। ਜਨਤਕ ਪਿਆਰ ਦਾ ਇਹ ਦਮਨ 1990 ਦੇ ਦਹਾਕੇ ਵਿਚ ਢਿੱਲਾ ਹੋਣਾ ਸ਼ੁਰੂ ਹੋ ਗਿਆ ਸੀ।

ਭਾਰਤ ਵਿਚ 1992 ਦੇ ਆਸ ਪਾਸ ਵੈਲੇਨਟਾਈਨ ਡੇਅ ਦਾ ਜਸ਼ਨ ਸ਼ੁਰੂ ਨਹੀਂ ਹੋਇਆ ਸੀ। ਇਹ ਵਪਾਰਕ ਟੀਵੀ ਚੈਨਲਾਂ ਦੇ ਪ੍ਰੋਗਰਾਮਾਂ ਜਿਵੇਂ ਕਿ ਐਮ. ਟੀਵੀ, ਸਮਰਪਿਤ ਰੇਡੀਓ ਪ੍ਰੋਗਰਾਮਾਂ ਅਤੇ ਪ੍ਰੇਮ ਪੱਤਰ ਮੁਕਾਬਲਿਆਂ ਦੇ ਕਾਰਨ ਫੈਲਿਆ ਸੀ। ਇਕ ਆਰਥਿਕ ਉਦਾਰੀਕਰਨ ਤੋਂ ਇਲਾਵਾ ਜਿਸ ਨੇ ਵੈਲੇਨਟਾਈਨ ਡੇਅ ਦੇ ਵਿਸਫੋਟ ਦੀ ਇਜਾਜ਼ਤ ਦਿੱਤੀ। ਵੈਲੇਨਟਾਈਨ ਕਾਰਡ ਉਦਯੋਗ ਇਸ ਜਸ਼ਨ ਨੇ ਮੱਧ ਯੁੱਗ ਤੋਂ ਲੋਕ ਜਨਤਕ ਤੌਰ ’ਤੇ ਆਪਣੇ ਪਿਆਰ ਦਾ ਪ੍ਰਦਰਸ਼ਨ ਕਰਨ ਦੇ ਤਰੀਕੇ ਵਿਚ ਇਕ ਤਿੱਖੀ ਤਬਦੀਲੀ ਲਿਆ ਦਿੱਤੀ ਹੈ।

ਜਦੋਂ ਅਸੀਂ ਵੈਲੇਨਟਾਈਨ ਡੇਅ ’ਤੇ ਧਿਆਨ ਦਿੰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਭਾਰਤ ਦੇ ਹਿੰਦੂ, ਮੁਸਲਿਮ ਅਤੇ ਇਸਾਈ ਲੋਕਾਂ ਸਮੇਤ ਤਕਰੀਬਨ ਸੱਤਰ ਪ੍ਰਤੀਸ਼ਤ ਲੋਕ ਵੈਲੇਨਟਾਈਨ ਡੇਅ ਦਾ ਸਮਰਥਨ ਨਹੀਂ ਕਰਦੇ ਹਨ।

ਅਜੋਕੇ ਸਮੇਂ ਵਿਚ, ਹਿੰਦੂ ਅਤੇ ਇਸਲਾਮੀ ਪ੍ਰੰਪਰਾਵਾਦੀਆਂ ਨੇ ਛੁੱਟੀਆਂ ਨੂੰ ਭਾਰਤ ਵਿਚ ਵਿਸ਼ਵੀਕਰਨ ਦੇ ਨਤੀਜੇ ਵਜੋਂ, ਪੱਛਮ ਤੋਂ ਸਭਿਆਚਾਰਕ ਦੂਸ਼ਣ ਮੰਨਿਆ ਹੈ। ਸ਼ਿਵ ਸੈਨਾ ਅਤੇ ਸੰਘ ਪਰਿਵਾਰ ਨੇ ਆਪਣੇ ਪੈਰੋਕਾਰਾਂ ਨੂੰ ’’ਭਾਰਤੀ ਸੰਸਕ੍ਰਿਤੀ ਲਈ ਪਰਦੇਸੀ’’ ਹੋਣ ਕਾਰਨ ਛੁੱਟੀਆਂ ਅਤੇ ’ਪਿਆਰ ਦਾ ਜਨਤਕ ਦਾਖਲਾ’ ਛੱਡਣ ਲਈ ਕਿਹਾ ਹੈ। ਹਾਲਾਂਕਿ ਇਹ ਵਿਰੋਧ ਪ੍ਰਦਰਸ਼ਨ ਸਿਆਸੀ ਕੁਲੀਨ ਵਰਗ ਦੁਆਰਾ ਆਯੋਜਿਤ ਕੀਤੇ ਜਾਂਦੇ ਹਨ, ਪ੍ਰਦਰਸ਼ਨਕਾਰੀ ਖੁਦ ਮੱਧ ਵਰਗ ਦੇ ਹਿੰਦੂ ਪੁਰਸ਼ ਹਨ ਜੋ ਡਰਦੇ ਹਨ ਕਿ ਵਿਸ਼ਵੀਕਰਨ ਉਹਨਾਂ ਦੇ ਸਮਾਜ ਦੀਆਂ ਪ੍ਰੰਪਰਾਵਾਂ ਨੂੰ ਤਬਾਹ ਕਰ ਦੇਵੇਗਾ: ਪ੍ਰਬੰਧਿਤ ਵਿਆਹ, ਹਿੰਦੂ ਸੰਯੁਕਤ ਪਰਿਵਾਰ, ਫੁੱਲ ਟਾਈਮ ਮਾਵਾਂ ਆਦਿ ਇਨ੍ਹਾਂ ਰੁਕਾਵਟਾਂ ਦੇ ਬਾਵਜੂਦ, ਵੈਲੇਨਟਾਈਨ ਡੇਅ ਭਾਰਤ ਵਿਚ ਤੇਜ਼ੀ ਨਾਲ ਪ੍ਰਸਿੱਧ ਹੋ ਰਿਹਾ ਹੈ।

ਵੈਲੇਨਟਾਈਨ ਡੇਅ ਦੀ ਭਾਰਤੀ ਖੱਬੇ ਪੱਖੀ ਬੁੱਧੀਜੀਵੀਆਂ ਦੁਆਰਾ ਉਤਰ-ਬਸਤੀਵਾਦੀ ਦ੍ਰਿਸ਼ਟੀਕੋਣ ਤੋਂ ਸਖਤ ਆਲੋਚਨਾ ਕੀਤੀ ਗਈ ਹੈ। ਛੁੱਟੀ ਨੂੰ ’ਪੱਛਮੀ ਸਾਮਰਾਜਵਾਦ’, ’ਨਵ-ਬਸਤੀਵਾਦ’ ਅਤੇ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਦੁਆਰਾ ਵਪਾਰਕਤਾ ਦੁਆਰਾ ਮਜ਼ਦੂਰ ਜਮਾਤਾਂ ਦੇ ਸ਼ੋਸ਼ਣ ਲਈ ਇਕ ਮੋਰਚੇ ਵਜੋਂ ਮੰਨਿਆ ਜਾਂਦਾ ਹੈ।ਇਹ ਦਾਅਵਾ ਕੀਤਾ ਜਾਂਦਾ ਹੈ ਕਿ ਵੈਲੇਨਟਾਈਨ ਡੇਅ ਦੇ ਨਤੀਜੇ ਵਜੋਂ, ਮਜ਼ਦੂਰ ਜਮਾਤਾਂ ਅਤੇ ਪੇਂਡੂ ਗਰੀਬ ਸਮਾਜਿਕ, ਰਾਜਨੀਤਿਕ ਅਤੇ ਭੂਗੋਲਿਕ ਤੌਰ ’ਤੇ ਪੂੰਜੀਵਾਦੀ ਸ਼ਕਤੀ ਦੇ ਢਾਚੇ ਤੋਂ ਵਧੇਰੇ ਦੂਰ ਹੋ ਜਾਂਦੇ ਹਨ। ਉਹ ਵੈਲੇਨਟਾਈਨ ਦਾ ਵਿਰੋਧ ਕਰਨ ਵਾਲੇ ਭਾਰਤੀਆਂ ’ਤੇ ਮੁੱਖ ਧਾਰਾ ਦੇ ਮੀਡੀਆ ਹਮਲਿਆਂ ਦੀ ਵੀ ਆਲੋਚਨਾ ਕਰਦੇ ਹਨ ਜਿਵੇਂ ਕਿ ਭੂਤਵਾਦ ਜੋ ਕਿ ਵੈਲੇਨਟਾਈਨ ਡੇਅ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਤਿਆਰ ਕੀਤਾ ਗਿਆ ਹੈ ਅਤੇ ਲਿਆ ਗਿਆ ਹੈ। ਸੱਜੇ ਪੱਖੀ ਹਿੰਦੂ ਰਾਸ਼ਟਰਵਾਦੀ ਵੀ ਵਿਰੋਧੀ ਹਨ। ਫਰਵਰੀ 2012 ਵਿਚ ਬਜਰੰਗ ਦਲ ਦੇ ਕਾਰਕੁੰਨਾਂ ਨੇ ਜੋੜਿਆਂ ਨੂੰ ਚਿਤਾਵਨੀ ਦਿੱਤੀ ਸੀ ਕਿ ’ਉਹ ਜਨਤਕ ਥਾਵਾਂ ’ਤੇ ਚੁੰਮਣ ਜਾਂ ਜੱਫੀ ਨਹੀਂ ਪਾ ਸਕਦੇ। ਸਾਡੇ ਕਾਰਕੁਨ ਉਹਨਾਂ ਨੂੰ ਕੁੱਟਣਗੇ।’ ਉਹਨਾਂ ਨੇ ਕਿਹਾ ’ਅਸੀਂ ਪਿਆਰ ਦੇ ਵਿਰੁੱਧ ਨਹੀਂ ਹਾਂ, ਪਰ ਅਸੀਂ ਜਨਤਕ ਥਾਵਾਂ ’ਤੇ ਪਿਆਰ ਦੀ ਅਸ਼ਲੀਲ ਪ੍ਰਦਰਸ਼ਨੀ ਦੀ ਆਲੋਚਨਾ ਕਰਦੇ ਹਾਂ।’

ਕੁਝ ਦੇਸ਼ਾਂ ਵਿਚ ਵੈਲੇਨਟਾਈਨ ਵਿਰੋਧੀ ਅਤੇ ਵੈਲੇਨਟਾਈਨ ਦਿਵਸ ’ਤੇ ਪਾਬੰਦੀ ਲਗਾਈ ਗਈ ਹੈ। ਇਹਨਾਂ ਪਾਬੰਦੀ ਵਾਲੇ ਦੇਸ਼ਾਂ ’ਚ ਮੁੱਖ ਤੌਰ ’ਤੇ ਇਸਲਾਮੀ ਦੇਸ਼ ਆਉਂਦੇ ਹਨ। ਦੇਸ਼ ਦੀ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਜਨਤਕ ਥਾਵਾਂ ’ਤੇ ਵੈਲੇਨਟਾਈਨ ਡੇਅ ਮਨਾਉਣ ’ਤੇ ਪਾਬੰਦੀ ਲਾਉਣ ਵਾਲਾ ਪਾਕਿਸਤਾਨ ਤਾਜ਼ਾ ਦੇਸ਼ ਹੈ। ਇਸ ਤੋਂ ਪਹਿਲਾਂ ਇੰਡੋਨੇਸ਼ੀਆ ਵਿਚ ਅਧਿਕਾਰੀਆਂ ਅਤੇ ਮੌਲਵੀਆਂ ਨੇ ਵੈਲੇਨਟਾਈਨ ਡੇਅ ਦੇ ਵਿਚਾਰ ’ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਇਹ ਕਹਿ ਕੇ ਰੱਦ ਕਰ ਦਿੱਤੀ ਹੈ ਕਿ ਇਹ ਇਸਲਾਮੀ ਸਭਿਆਚਾਰ ਦਾ ਹਿੱਸਾ ਨਹੀਂ ਹੈ। ਪ੍ਰਦਰਸ਼ਨਕਾਰੀਆਂ ਨੇ ਇੰਡੋਨੇਸ਼ੀਆ ਦੇ ਚਾਰ ਸ਼ਹਿਰਾਂ ਵਿਚ “ਮੁਸਲਮਾਨਾਂ ਨੇ ਹੈਪੀ ਵੈਲੇਨਟਾਈਨ ਡੇਅ ਨੂੰ ਨਾਂਹ’’ ਵਾਲੇ ਬੋਰਡ ਫੜੇ ਹੋਏ ਹਨ। 2009 ਤੋਂ, ਇਰਾਨ ਵਿਚ ਵੈਲੇਨਟਾਈਨ ਡੇਅ ਨਾਲ ਸਬੰਧਤ ਕੁਝ ਪ੍ਰਥਾਵਾਂ (ਜਿਵੇਂ ਕਿ ਫੁੱਲ, ਕਾਰਡ ਜਾਂ ਵੈਲੇਨਟਾਈਨ ਡੇਅ ਦੇ ਸੁਝਾਵਾਂ ਵਾਲੇ ਹੋਰ ਤੋਹਫ਼ੇ ਦੇਣਾ) ਉੱਤੇ ਪਾਬੰਦੀ ਹੈ। ਕਾਨੂੰਨ ਲਾਗੂ ਕਰਨ ਵਾਲੀ ਫੋਰਸ ਵੈਲੇਨਟਾਈਨ ਡੇਅ ਨਾਲ ਜੁੜੇ ਪ੍ਰਤੀਕਾਂ ਦੇ ਨਾਲ ਸਮਾਨ ਦੇ ਵਿਤਰਕਾਂ ਨਾਲ ਲੜਦੀ ਹੈ। 2021 ਵਿਚ, ਕੌਮ ਦੇ ਮੁਕੱਦਮੇ ਨੇ ਘੋਸ਼ਣਾ ਕੀਤੀ ਕਿ ਇਹ ਉਹਨਾਂ ਲੋਕਾਂ ਨਾਲ ਲੜੇਗਾ ਜੋ ਵੈਲੇਨਟਾਈਨ ਵਰਗੇ ਸਭਿਆਚਾਰ ਵਿਰੋਧੀ ਚਿੰਨ੍ਹਾਂ ਦਾ ਪ੍ਰਸਾਰ ਅਤੇ ਪ੍ਰਦਾਨ ਕਰਦੇ ਹਨ। ਹਾਲਾਂਕਿ ਵੈਲੇਨਟਾਈਨ ਡੇਅ ਨੂੰ ਦੇਸ਼ ਵਿਚ ਕਿਸੇ ਸੰਸਥਾ ਜਾਂ ਨਿਯਮ ਦੁਆਰਾ ਸਵੀਕਾਰ ਨਹੀਂ ਕੀਤਾ ਗਿਆ ਅਤੇ ਇਸਦਾ ਕੋਈ ਅਧਿਕਾਰਿਤ ਦਰਜਾ ਨਹੀਂ ਹੈ, ਇਸ ਨੂੰ ਆਬਾਦੀ ਦੇ ਇਕ ਵੱਡੇ ਹਿੱਸੇ ਵਿਚ ਬਹੁਤ ਜ਼ਿਆਦਾ ਸਵੀਕਾਰ ਕੀਤਾ ਜਾਂਦਾ ਹੈ। ਈਰਾਨ ਵਿਚ ਵੈਲੇਨਟਾਈਨ ਡੇਅ ਦੇ ਆਮ ਲੋਕਾਂ ਵਿਚ ਟੁੱਟਣ ਦਾ ਇਕ ਕਾਰਨ ਲਿੰਗ ਦੇ ਵਿਚਕਾਰ ਸਬੰਧਾਂ ਵਿਚ ਤਬਦੀਲੀ ਹੈ, ਜੋ ਹੁਣ ਦੋ ਦਹਾਕਿਆਂ ਤੋਂ ਵਿਆਹ ਦੇ ਬੰਧਨ ਵਿਚ ਨਹੀਂ ਹਨ।

ਦੁਨੀਆਂ ਭਰ ਦੇ ਜ਼ਿਆਦਾਤਰ ਲੋਕ ਵੈਲੇਨਟਾਈਨ ਡੇਅ ਦੀ ਮਹੱਤਤਾ ’ਤੇ ਧਿਆਨ ਕੇਂਦਰਤ ਕਰ ਰਹੇ ਹਨ ਪਰ ਇੱਥੇ ਇਸ ਲੇਖ ਵਿਚ ਮੈਂ ਆਪਣੀ ਵੱਖਰੀ ਰਾਏ ਪੇਸ਼ ਕਰ ਰਿਹਾ ਹਾਂ। ਹਰ ਸਾਲ ਫਰਵਰੀ ਦੇ ਚੌਦਵੇਂ ਦਿਨ ਦੁਨੀਆਂ ਭਰ ਵਿਚ ਲੱਖਾਂ ਲੋਕ ਆਪਣੇ ਅਜ਼ੀਜ਼ਾਂ ਨੂੰ ਕੈਂਡੀ, ਫੁੱਲਾਂ, ਚਾਕਲੇਟ ਅਤੇ ਹੋਰ ਪਿਆਰੇ ਤੋਹਫਿਆਂ ਨਾਲ ਪੇਸ਼ ਕਰਦੇ ਹਨ। ਇਹ ਦਿਨ ਮੁੱਖ ਤੌਰ ’ਤੇ ਉਨ੍ਹਾਂ ਜੋੜਿਆਂ ਲਈ ਮਹੱਤਵਪੂਰਨ ਹੈ ਜੋ ਆਪਣੇ ਰਿਸ਼ਤੇ ਅਤੇ ਉਹਨਾਂ ਦੇ ਇਕੱਠੇ ਹੋਣ ਦੀ ਖੁਸ਼ੀ ਮਨਾਉਣ ਲਈ ਉਤਸੁਕ ਹਨ।

ਪਿਆਰ ਦਾ ਪ੍ਰਗਟਾਵਾ ਬੇਸ਼ੱਕ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਹੈ ਪਰ ਅਮਰੀਕਾ ਲਈ ਵੈਲੇਨਟਾਈਨ ਡੇਅ ਦਾ ਜਸ਼ਨ, ਅਮਰੀਕਾ ਲਈ ਪਰਦੇਸੀ ਸੀ। ਭਾਰਤੀਆਂ ਨੇ 1990 ਤੋਂ ਬਾਅਦ ਇਸ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ। ਇਹ ਸਿਰਫ ਟੈਲੀਵਿਜ਼ਨ ਸੀਰੀਅਲਾਂ ਅਤੇ ਫਿਲਮਾਂ ਦੇ ਪ੍ਰਭਾਵ ਨਾਲ ਹੀ ਸੰਭਵ ਹੋਇਆ ਹੈ, ਜਿਸ ਵਿਚ ਪੱਛਮੀ ਸਭਿਆਚਾਰ ਨੂੰ ਬਹੁਤ ਮਾਣ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ। ਬਾਲੀਵੁੱਡ ਫਿਲਮਾਂ ਕਿਸ਼ੋਰਾਂ ਨੂੰ ਸਿੱਧੇ ਤੌਰ ’ਤੇ ਪ੍ਰਭਾਵਿਤ ਕਰ ਰਹੀਆਂ ਹਨ ਅਤੇ ਉਹਨਾਂ ਨੂੰ ਪਿਆਰ ਦੇ ਪ੍ਰਗਟਾਵੇ ਦੇ ਨਕਲੀ ਵਿਚਾਰਾਂ ਵਿਚ ਉਲਝਣ ਲਈ ਉਕਸਾਉਂਦੀਆਂ ਹਨ। ਇਸ ਦਾ ਨੌਜਵਾਨਾਂ ’ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਵੈਲੇਨਟਾਈਨ ਡੇਅ ਕਿਸ਼ੋਰਾਂ ਵਿਚ ਅਸ਼ਲੀਲਤਾ, ਪਾਰਟੀ ਸਭਿਆਚਾਰ ਅਤੇ ਜਿਨਸੀ ਸ਼ੋਸ਼ਣ ਨੂੰ ਉਤਸ਼ਾਹਿਤ ਕਰ ਰਿਹਾ ਹੈ। ਇਹ ਸਿਰਫ ਸਮੇਂ ਅਤੇ ਪੈਸੇ ਦੀ ਬਰਬਾਦੀ ਹੈ।

ਲੋਕ ਇਸ ਦਿਨ ਦੇ ਮੁੱਖ ਵਿਚਾਰ ਨੂੰ ਭੁੱਲ ਗਏ ਹਨ। ਵਾਸਤਵ ਵਿਚ ਵੈਲੇਨਟਾਈਨ ਡੇਅ ਮੁੱਖ ਤੌਰ ’ਤੇ ਵਿਆਹ ਨਾਲ ਜੁੜਿਆ ਹੋਇਆ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਹਰ ਸਾਲ ਆਪਣਾ ਵੈਲੇਨਟਾਈਨ ਬਦਲੋ ਜਿਵੇਂ ਕਿ ਲੋਕ ਖਾਸ ਕਰਕੇ ਕਿਸ਼ੋਰ ਅੱਜਕਲ੍ਹ ਕਰ ਰਹੇ ਹਨ। ਉਹ ਹਰ ਵੈਲੇਨਟਾਈਨ ਡੇਅ ਲਈ ਨਵੇਂ ਸਾਥੀਆਂ ਦੀ ਖੋਜ ਕਰਦੇ ਰਹਿੰਦੇ ਹਨ। ਸੱਚੇ ਪਿਆਰ ਦਾ ਵਿਚਾਰ ਨਸ਼ਟ ਹੋ ਗਿਆ ਹੈ। ਇਸ ਨਵੇਂ ਰੁਝਾਨ ਨਾਲ ਜੋੜੇ ਆਪਣੇ ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਵੀ ਪ੍ਰੇਮ ਵਿਆਹ ਕਰਨ ਲਈ ਜ਼ਿਆਦਾ ਝੁਕਾਅ ਰੱਖਦੇ ਹਨ। ਪਤੀ-ਪਤਨੀ ਆਪਦੇ ਪ੍ਰੇਮੀ ਨਾਲ ਘਰੋਂ ਭੱਜਦੇ ਹਨ। ਪਰ ਉਸ ਤੋਂ ਬਾਅਦ ਕੀ ਹੁੰਦਾ ਹੈ?

ਉਹ ਦੋਵੇਂ ਦੁਖੀ ਜੀਵਨ ਬਤੀਤ ਕਰਦੇ ਹਨ। ਜੇਕਰ ਮਾਪੇ ਉਹਨਾਂ ਨੂੰ ਲੱਭਦੇ ਹਨ ਤੇ ਲੜਕੀ ਦੇ ਰਿਸ਼ਤੇਦਾਰ ਲੜਕੇ ਦਾ ਕਤਲ ਕਰ ਦਿੰਦੇ ਹਨ ਅਤੇ ਲੜਕੀ ਦੇ ਰਿਸ਼ਤੇਦਾਰ ਲੜਕੀ ਨੂੰ ਮਾਰ ਦਿੰਦੇ ਹਨ। ਦੋਵੇਂ ਧਿਰਾਂ ਜੇਲ੍ਹ ਜਾਂਦੀਆਂ ਹਨ। ਇਸ ਪਿਆਰ ਨੇ ਦੋ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ, ਇਸ ਨੇ ਉਹਨਾਂ ਦੀ ਜ਼ਿੰਦਗੀ ਨਰਕ ਤੋਂ ਵੀ ਬਦਤਰ ਬਣਾ ਦਿੱਤੀ। ਆਪਣੇ ਆਪ ’ਤੇ ਇਹੋ ਜਿਹੀਆਂ ਮੁਸੀਬਤਾਂ ਲੈਣ ਦਾ ਕੀ ਫਾਇਦਾ? ਮਾਪੇ ਆਪਣੇ ਬੱਚਿਆਂ ਦੇ ਵਿਆਹ ਨੂੰ ਲੈ ਕੇ ਜ਼ਿਆਦਾ ਚਿੰਤਤ ਹਨ। ਸਾਨੂੰ ਆਪਣੇ ਮਾਤਾ-ਪਿਤਾ ਦੇ ਸੰਘਰਸ਼ ਅਤੇ ਕਠਿਨਾਈਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਉਹਨਾਂ ਨੇ ਸਾਡੀ ਪਰਵਰਿਸ਼ ਵਿਚ ਪਤਾ ਨਹੀਂ ਕਿੰਨੀਆਂ ਕੁ ਮੁਸੀਬਤਾਂ ਝੱਲੀਆਂ ਹੋਣਗੀਆਂ। ਇਕ ਨਵੇਂ ਸਾਥੀ ਦੇ ਪਿਆਰ ਵਿਚ, ਸਾਨੂੰ ਕਦੇ ਵੀ ਉਸ ਬੇਸ਼ਰਤ ਪਿਆਰ ਨੂੰ ਨਹੀਂ ਭੁੱਲਣਾ ਚਾਹੀਦਾ ਜੋ ਸਾਡੇ ਮਾਪਿਆਂ ਨੇ ਸਾਨੂੰ ਦਿੱਤਾ ਹੈ।

ਪਿਆਰ ਵਿਸ਼ਵਾਸ ਅਤੇ ਸਤਿਕਾਰ ਦਾ ਦੂਜਾ ਨਾਮ ਹੈ, ਸਾਡੇ ਮਾਤਾ-ਪਿਤਾ ਨੂੰ ਸਾਡੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ। ਇਸ ਲਈ, ਨੌਜਵਾਨ ਲੜਕੇ-ਲੜਕੀਆਂ ਨੂੰ ਝੂਠੇ ਪਿਆਰ ’ਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਦੀ ਬਜਾਏ ਜਿਸਦਾ ਅਸਲੀਅਤ ਵਿਚ ਕੋਈ ਆਧਾਰ ਨਹੀਂ ਹੈ, ਨੂੰ ਆਪਣੀਆਂ ਵਿਦਿਅਕ ਪ੍ਰਾਪਤੀਆਂ ਅਤੇ ਆਪਣੇ ਕੈਰੀਅਰ ’ਤੇ ਧਿਆਨ ਦੇਣਾ ਚਾਹੀਦਾ ਹੈ।

ਵੈਲੇਨਟਾਈਨ ਡੇਅ ਦਾ ਪ੍ਰਗਟਾਵਾ ਮੁੱਖ ਤੌਰ ’ਤੇ ਨੌਜਵਾਨਾਂ ਵਿਚ ਅਸ਼ਲੀਲਤਾ ਦੀਆਂ ਹਰਕਤਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਸਾਡੇ ਸਮਾਜ ਵਿਚ ਅਣਵਿਆਹੇ ਲੜਕੇ ਅਤੇ ਅਣਵਿਆਹੀ ਕੁੜੀ ਵਿਚਕਾਰ ਪਿਆਰ ਦਾ ਜਨਤਕ ਪ੍ਰਗਟਾਵਾ ਹਮੇਸ਼ਾ ਤੋਂ ਵਰਜਿਤ ਰਿਹਾ ਹੈ। ’ਪਿਆਰ ਅਤੇ ਜੰਗ ਵਿਚ ਸਭ ਕੁਝ ਜਾਇਜ਼ ਹੈ’ ਛੋਟੇ ਬੱਚਿਆਂ ਵਿਚ ਇਕ ਆਮ ਸੰਵਾਦ ਬਣ ਗਿਆ ਹੈ ਜੋ ਝੂਠੀਆਂ ਪ੍ਰੇਮ ਕਹਾਣੀਆਂ ਵਿਚ ਸ਼ਾਮਲ ਹੋ ਕੇ ਆਪਣੀਆਂ ਹੱਦਾਂ ਪਾਰ ਕਰ ਜਾਂਦੇ ਹਨ।

ਇਸ ਦਿਨ ਵੈਲੇਨਟਾਈਨ ਡੇਅ ਨੂੰ ਮਨਾਉਣ ਦਾ ਇਕੋ-ਇਕ ਮਨੋਰਥ ਸਿਰਫ ਮਨੋਰੰਜਨ ਹੈ। ਜਿਸ ਨਜ਼ਰੀਏ ਨਾਲ ਕੁਝ ਕਾਮੁਕ ਦਿਮਾਗ ਵਾਲੇ ਲੋਕ ਇਸ ਦਿਨ ਨੂੰ ਮਨਾਉਂਦੇ ਹਨ, ਉਹ ਸੇਂਟ ਵੈਲੇਨਟਾਈਨ ਦਾ ਵੀ ਅਪਮਾਨ ਕਰ ਰਹੇ ਹਨ। ਵਿਚਾਰ ਹੈ ’ਪਿਆਰ ਦਾ ਜਸ਼ਨ’, ਫਿਰ ਕੇਵਲ ਸਾਥੀ ਲਈ ਹੀ ਪਿਆਰ ਕਿਉਂ? ਅਤੇ ਸਾਡੇ ਮਾਤਾ-ਪਿਤਾ, ਸਾਡੇ ਪਰਿਵਾਰ ਅਤੇ ਉਹਨਾਂ ਲੋਕਾਂ ਲਈ ਪਿਆਰ ਕਿਉਂ ਨਹੀਂ ਜੋ ਅਸਲ ਵਿਚ ਸਾਡੀ ਪਰਵਾਹ ਕਰਦੇ ਹਨ।

ਸਾਨੂੰ ਬੁੱਧੀਮਾਨ ਵਿਅਕਤੀਆਂ ਵਜੋਂ ਪਿਆਰ ਦੀ ਧਾਰਨਾ ਨੂੰ ਇਸ ਤਰੀਕੇ ਨਾਲ ਸਮਝਣ ਦੀ ਜ਼ਰੂਰਤ ਹੈ ਕਿ ਇਹ ਸਾਡੇ ਸਾਥੀ ਤੱਕ ਸੀਮਤ ਨਹੀਂ ਹੈ, ਬਲਕਿ ਸਾਡੇ ਮਾਤਾ-ਪਿਤਾ ਅਤੇ ਪਰਿਵਾਰ ਵੀ ਪਿਆਰ ਦੇ ਹੱਕਦਾਰ ਹਨ। ਸਾਨੂੰ ਉਸ ਜੀਵਨ ਦਾਤੇ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਜਿਸਨੇ ਸਾਨੂੰ ਅਜਿਹੀ ਮਾਨਵੀ ਸੁੰਦਰ ਜੀਵਨੀ ਦਿੱਤੀ ਹੈ, ਜਿਸ ਵਿਚ ਅਸੀਂ ਸੋਚ ਸਕਦੇ ਹਾਂ ਅਤੇ ਸਮਝ ਸਕਦੇ ਹਾਂ ਕਿ ਸਾਡੇ ਲਈ ਕੀ ਚੰਗਾ ਹੈ ਅਤੇ ਕੀ ਮਾੜਾ ਹੈ। ਸਾਨੂੰ ਇਸ ਮਨੁੱਖੀ ਜੀਵਨ ਨੂੰ ਪ੍ਰਗਤੀਵਾਦੀ ਤੇ ਸਮਾਜਵਾਦੀ ਬਣਾਉਣਾ ਚਾਹੀਦਾ ਹੈ, ਜਿਸ ਨਾਲ ਸਮੁੱਚੇ ਸਮਾਜ ਦੀ ਤਰੱਕੀ ਤੇ ਕਲਿਆਣਕਾਰੀ ਬਣ ਸਕੇ। ਅਜਿਹੀ ਸੋਚ ਸਾਡੇ ਭਾਰਤੀ ਸਮਾਜ ’ਚ ਮੌਜੂਦ ਹੈ।

****

# ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਬੈਠਕ 'ਚ ਅਮਰੀਕਾ ਨੇ ਦਿੱਤੀ ਚਿਤਾਵਨੀ: ਰੂਸ ਦੀਆਂ ਕਾਰਵਾਈਆਂ ਦੇ ਨਤੀਜੇ ਹੋਣਗੇ ਗੰਭੀਰ



ਹਰਦੀਪ ਸਿੰਘ ਚੁੰਬਰ
91-94636-01616

ਯੂਨਾਈਟਿਡ ਸਟੇਟਸ ਨੇ ਸੋਮਵਾਰ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਦੱਸਿਆ ਕਿ ਰੂਸ ਨੇ ਪੂਰਬੀ ਯੂਕਰੇਨ ਵਿੱਚ ਸ਼ਾਂਤੀ ਰੱਖਿਅਕ ਮੁਹਿੰਮ ਨੂੰ "ਬਕਵਾਸ" ਦਸਿਆ ਹੈ ਅਤੇ ਮਾਸਕੋ ਦੁਆਰਾ ਵੱਖ ਹੋਏ ਖੇਤਰਾਂ ਨੂੰ ਆਜ਼ਾਦ ਵਜੋਂ ਮਾਨਤਾ ਦੇਣਾ ਯੁੱਧ ਦੇ ਬਹਾਨੇ ਦਾ ਹਿੱਸਾ ਹੈ।ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਲਿੰਡਾ ਥਾਮਸ-ਗ੍ਰੀਨਫੀਲਡ ਨੇ 15 ਮੈਂਬਰੀ ਕੌਂਸਲ ਦੀ ਐਮਰਜੈਂਸੀ ਮੀਟਿੰਗ ਨੂੰ ਦੱਸਿਆ, "ਰੂਸ ਦੀਆਂ ਕਾਰਵਾਈਆਂ ਦੇ ਨਤੀਜੇ - ਯੂਕਰੇਨ ਵਿਚ, ਪੂਰੇ ਯੂਰਪ ਵਿਚ ਅਤੇ ਪੂਰੀ ਦੁਨੀਆ ਵਿਚ ਭਿਆਨਕ ਹੋਣਗੇ।"

ਰੂਸ ਨੇ ਹਮਲੇ ਲਈ ਯੂਕਰੇਨ ਦੀਆਂ ਸਰਹੱਦਾਂ ਨੇੜੇ 150,000 ਸੈਨਿਕਾਂ ਨੂੰ ਤਾਇਨਾਤ ਕਰਨ ਦੇ ਸੰਯੁਕਤ ਰਾਜ ਦੇ ਦੋਸ਼ਾਂ ਤੋਂ ਬਾਅਦ ਮਾਸਕੋ ਅਤੇ ਪੱਛਮੀ ਰਾਜਧਾਨੀਆਂ ਵਿਚਕਾਰ ਤਣਾਅ ਵਧ ਗਿਆ ਹੈ। ਰੂਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਹ ਯੂਕਰੇਨ 'ਤੇ ਹਮਲਾ ਕਰਨਾ ਚਾਹੁੰਦਾ ਹੈ ਅਤੇ ਪੱਛਮੀ ਦੇਸ਼ਾਂ 'ਤੇ ਪਾਗਲਪਣ ਦਾ ਦੋਸ਼ ਲਗਾਇਆ ਹੈ।ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸੋਮਵਾਰ ਨੂੰ ਅਧਿਕਾਰਤ ਤੌਰ 'ਤੇ ਦੋ ਵੱਖ-ਵੱਖ ਖੇਤਰਾਂ - ਸਵੈ-ਘੋਸ਼ਿਤ ਡੋਨੇਟਸਕ ਪੀਪਲਜ਼ ਰੀਪਬਲਿਕ ਅਤੇ ਲੁਗਾਂਸਕ ਪੀਪਲਜ਼ ਰੀਪਬਲਿਕ - ਨੂੰ ਆਜ਼ਾਦ ਵਜੋਂ ਮਾਨਤਾ ਦਿੱਤੀ, ਪੱਛਮੀ ਚੇਤਾਵਨੀਆਂ ਨੂੰ ਨਕਾਰਦੇ ਹੋਏ ਕਿ ਅਜਿਹਾ ਕਦਮ ਗੈਰ ਕਾਨੂੰਨੀ ਹੋਵੇਗਾ ਅਤੇ ਸ਼ਾਂਤੀ ਵਾਰਤਾਵਾਂ ਨੂੰ ਤਬਾਹ ਕਰ ਦੇਵੇਗਾ।

2014 ਅਤੇ 2015 ਦੇ ਸਮਝੌਤਿਆਂ ਦਾ ਹਵਾਲਾ ਦਿੰਦੇ ਹੋਏ, ਥਾਮਸ-ਗ੍ਰੀਨਫੀਲਡ ਨੇ ਕਿਹਾ, "ਰਾਸ਼ਟਰਪਤੀ ਪੁਤਿਨ ਨੇ ਮਿੰਸਕ ਸਮਝੌਤੇ ਨੂੰ ਟੁਕੜੇ-ਟੁਕੜੇ ਕਰ ਦਿੱਤਾ ਹੈ। ਅਸੀਂ ਸਪੱਸ਼ਟ ਕੀਤਾ ਹੈ ਕਿ ਸਾਨੂੰ ਵਿਸ਼ਵਾਸ ਨਹੀਂ ਹੈ ਕਿ ਉਹ ਇਸ 'ਤੇ ਰੁਕਣਗੇ," ਥਾਮਸ-ਗ੍ਰੀਨਫੀਲਡ ਨੇ ਕਿਹਾ, ਜਿਸ ਦਾ ਉਦੇਸ਼ ਯੂਕਰੇਨ ਦੀ ਫੌਜ ਅਤੇ ਵਿਚਕਾਰ ਸੰਘਰਸ਼ ਨੂੰ ਖਤਮ ਕਰਨਾ ਸੀ। ਪੂਰਬੀ ਯੂਕਰੇਨ ਵਿੱਚ ਰੂਸ ਸਮਰਥਿਤ ਵੱਖਵਾਦੀ।ਪੁਤਿਨ ਨੇ ਸੋਮਵਾਰ ਨੂੰ ਪੂਰਬੀ ਯੂਕਰੇਨ ਦੇ ਡੋਨਬਾਸ ਖੇਤਰ ਵਿੱਚ "ਸ਼ਾਂਤੀ ਬਣਾਈ ਰੱਖਣ" ਵਿੱਚ ਰੂਸੀ ਫੌਜਾਂ ਦੀ ਤਾਇਨਾਤੀ ਦਾ ਆਦੇਸ਼ ਦਿੱਤਾ।"ਅਸੀਂ ਇੱਕ ਕੂਟਨੀਤਕ ਹੱਲ ਲਈ ਕੂਟਨੀਤੀ ਲਈ ਖੁੱਲ੍ਹੇ ਰਹਿੰਦੇ ਹਾਂ, ਹਾਲਾਂਕਿ, ਡੌਨਬਾਸ ਵਿੱਚ ਨਵੇਂ ਖੂਨ ਦੀ ਬਹਾਲੀ ਦੀ ਇਜਾਜ਼ਤ ਦੇਣਾ ਉਹ ਚੀਜ਼ ਹੈ ਜੋ ਅਸੀਂ ਨਹੀਂ ਕਰਨਾ ਚਾਹੁੰਦੇ ਹਾਂ," ਰੂਸ ਦੇ ਸੰਯੁਕਤ ਰਾਸ਼ਟਰ ਦੇ ਰਾਜਦੂਤ ਵੈਸੀਲੀ ਨੇਬੇਨਜ਼ੀਆ ਨੇ ਸੁਰੱਖਿਆ ਪ੍ਰੀਸ਼ਦ ਨੂੰ ਦੱਸਿਆ।



ਸੋਮਵਾਰ ਨੂੰ ਇਸ ਦੀਆਂ ਕਾਰਵਾਈਆਂ ਲਈ ਜ਼ਿਆਦਾਤਰ ਕੌਂਸਲ ਮੈਂਬਰਾਂ ਦੁਆਰਾ ਰੂਸ ਦੀ ਵਿਆਪਕ ਆਲੋਚਨਾ ਕੀਤੀ ਗਈ ਸੀ। ਕੀਨੀਆ ਦੇ ਸੰਯੁਕਤ ਰਾਸ਼ਟਰ ਦੇ ਰਾਜਦੂਤ ਮਾਰਟਿਨ ਕਿਮਾਨੀ ਨੇ ਉਸ ਦੀ ਨਿੰਦਾ ਕੀਤੀ ਜਿਸ ਨੂੰ ਉਸਨੇ ਸ਼ਕਤੀਸ਼ਾਲੀ ਰਾਜਾਂ ਦੇ ਅੰਤਰਰਾਸ਼ਟਰੀ ਕਾਨੂੰਨ ਦੀ ਥੋੜੀ ਜਿਹੀ ਸੰਦਰਭ ਵਿੱਚ ਉਲੰਘਣਾ ਕਰਨ ਦੇ ਰੁਝਾਨ ਨੂੰ ਕਿਹਾ, "ਬਹੁ-ਪੱਖੀਵਾਦ ਅੱਜ ਰਾਤ ਆਪਣੀ ਮੌਤ ਦੇ ਬਿਸਤਰੇ 'ਤੇ ਪਿਆ ਹੈ।"ਹਿਨਾ ਦੇ ਸੰਯੁਕਤ ਰਾਸ਼ਟਰ ਦੇ ਰਾਜਦੂਤ ਝਾਂਗ ਜੂਨ ਨੇ ਕਿਹਾ, "ਸਭ ਸਬੰਧਤ ਧਿਰਾਂ ਨੂੰ ਸੰਜਮ ਵਰਤਣਾ ਚਾਹੀਦਾ ਹੈ, ਅਤੇ ਕਿਸੇ ਵੀ ਕਾਰਵਾਈ ਤੋਂ ਬਚਣਾ ਚਾਹੀਦਾ ਹੈ ਜੋ ਤਣਾਅ ਨੂੰ ਵਧਾ ਸਕਦਾ ਹੈ," ਬੀਜਿੰਗ ਨੇ ਕੂਟਨੀਤਕ ਹੱਲ ਲਈ ਹਰ ਕੋਸ਼ਿਸ਼ ਦਾ ਸਵਾਗਤ ਕੀਤਾ ਅਤੇ ਉਤਸ਼ਾਹਿਤ ਕੀਤਾ।ਸੰਯੁਕਤ ਰਾਜ, ਬ੍ਰਿਟੇਨ ਅਤੇ ਫਰਾਂਸ ਸਮੇਤ ਕੌਂਸਲ ਦੇ ਅੱਠ ਮੈਂਬਰਾਂ ਨੇ ਪੁਤਿਨ ਦੀ ਘੋਸ਼ਣਾ ਤੋਂ ਬਾਅਦ ਸੁਰੱਖਿਆ ਕੌਂਸਲ ਦੀ ਬੈਠਕ ਲਈ ਕੀਵ ਦੀ ਬੇਨਤੀ ਦਾ ਸਮਰਥਨ ਕੀਤਾ।ਇਹ ਪਿਛਲੇ ਕਈ ਹਫ਼ਤਿਆਂ ਵਿੱਚ ਯੂਕਰੇਨ 'ਤੇ ਸੁਰੱਖਿਆ ਪ੍ਰੀਸ਼ਦ ਦੀ ਤੀਜੀ ਬੈਠਕ ਸੀ। 2014 ਵਿੱਚ ਰੂਸ ਦੁਆਰਾ ਯੂਕਰੇਨ ਦੇ ਕ੍ਰੀਮੀਆ ਖੇਤਰ ਨੂੰ ਆਪਣੇ ਕਬਜ਼ੇ ਵਿੱਚ ਲੈਣ ਤੋਂ ਬਾਅਦ ਯੂਕਰੇਨ ਸੰਕਟ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸੰਸਥਾ ਦਰਜਨਾਂ ਵਾਰ ਮੁਲਾਕਾਤ ਕਰ ਚੁੱਕੀ ਹੈ। ਇਹ ਕੋਈ ਕਾਰਵਾਈ ਨਹੀਂ ਕਰ ਸਕਦੀ ਕਿਉਂਕਿ ਰੂਸ ਫਰਾਂਸ, ਬ੍ਰਿਟੇਨ, ਚੀਨ ਅਤੇ ਸੰਯੁਕਤ ਰਾਜ ਅਮਰੀਕਾ ਦੇ ਨਾਲ ਇੱਕ ਵੀਟੋ-ਪਾਵਰ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਦਾ ਮੰਨਣਾ ਹੈ ਕਿ ਰੂਸ ਨੇ ਪੂਰਬੀ ਯੂਕਰੇਨ ਨੂੰ ਸੁਤੰਤਰ ਸੰਸਥਾਵਾਂ ਵਜੋਂ ਮਾਨਤਾ ਦੇਣ ਦੇ ਆਪਣੇ ਫੈਸਲੇ ਨਾਲ ਯੂਕਰੇਨ ਦੀ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਹੈ, ਸੰਯੁਕਤ ਰਾਸ਼ਟਰ ਦੇ ਬੁਲਾਰੇ ਨੇ ਕਿਹਾ।ਸੰਯੁਕਤ ਰਾਸ਼ਟਰ ਦੇ ਰਾਜਨੀਤਿਕ ਮਾਮਲਿਆਂ ਦੇ ਮੁਖੀ ਰੋਜ਼ਮੇਰੀ ਡੀਕਾਰਲੋ ਨੇ ਸੁਰੱਖਿਆ ਪਰਿਸ਼ਦ ਨੂੰ ਦੱਸਿਆ ਕਿ ਸੰਯੁਕਤ ਰਾਸ਼ਟਰ ਨੇ "ਸ਼ਾਂਤੀ ਰੱਖਿਅਕ ਮਿਸ਼ਨ" 'ਤੇ ਪੂਰਬੀ ਯੂਕਰੇਨ ਵਿੱਚ ਫੌਜਾਂ ਨੂੰ ਤਾਇਨਾਤ ਕਰਨ ਦੇ ਰੂਸ ਦੇ ਆਦੇਸ਼ 'ਤੇ ਅਫਸੋਸ ਪ੍ਰਗਟ ਕੀਤਾ ਹੈ।

# ਹੰਗ ਅਸੈਂਬਲੀ ਦੀ ਸਥਿਤੀ ਵਿੱਚ 2-3 ਪਾਰਟੀਆਂ ਦਾ ਗੱਠਜੋੜ ਹੋ ਸਕਦਾ ਹੈ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨੈੱਟਵਰਕ 18 ਨੂੰ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ ਕਿ ਕੋਈ ਵੀ ਸਰਵੇਖਣ ਪੰਜਾਬ ਚੋਣਾਂ ਦੇ ਨਤੀਜਿਆਂ ਦੀ ਭਵਿੱਖਬਾਣੀ ਨਹੀਂ ਕਰ ਸਕਦਾ ਕਿਉਂਕਿ ਇਹ ਇੱਕ ਵੱਖਰੀ ਕਿਸਮ ਦੀਆਂ ਚੋਣਾਂ ਸਨ, ਨੇ ਕਿਹਾ ਕਿ ਗਿਣਤੀ ਦੇ ਆਧਾਰ 'ਤੇ ਦੋ-ਤਿੰਨ ਪਾਰਟੀਆਂ ਦਾ ਗੱਠਜੋੜ ਹੋ ਸਕਦਾ ਹੈ। ਲਟਕਾਈ ਵਿਧਾਨ ਸਭਾ। ਨੈੱਟਵਰਕ 18 ਦੇ ਗਰੁੱਪ ਐਡੀਟਰ-ਇਨ-ਚੀਫ ਰਾਹੁਲ ਜੋਸ਼ੀ ਨਾਲ ਗੱਲ ਕਰਦੇ ਹੋਏ, ਸ਼ਾਹ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ 20 ਫਰਵਰੀ ਦੀਆਂ ਚੋਣਾਂ 'ਚ ਭਾਜਪਾ ਨੇ ਮਜ਼ਬੂਤ ਲੜਾਈਲੜੀਹੈ।"ਪੰਜਾਬ ਵਿੱਚ ਕੀ ਹੋਵੇਗਾ, ਭਵਿੱਖਬਾਣੀ ਕਰਨ ਵਾਲਿਆਂ ਨੂੰ ਛੱਡ ਕੇ ਕੋਈ ਵੀ ਅੰਦਾਜ਼ਾ ਨਹੀਂ ਲਗਾ ਸਕਦਾ। ਇਹ ਇੱਕ ਵੱਖਰੀ ਕਿਸਮ ਦੀ ਚੋਣ ਸੀ। ਅਸੀਂ ਸਕਾਰਾਤਮਕ ਹਾਂ ਕਿ ਅਸੀਂ ਇੱਕ ਮਜ਼ਬੂਤ ਚੁਣੌਤੀਪੇਸ਼ਕੀਤੀਹੈ, "ਸ਼ਾਹ ਨੇ ਕਿਹਾ।

ਪੰਜਾਬ ਵਿੱਚ ਲਟਕਣ ਵਾਲੀ ਵਿਧਾਨ ਸਭਾ ਦੇ ਦ੍ਰਿਸ਼ ਬਾਰੇ ਪੁੱਛੇ ਜਾਣ 'ਤੇ, ਅਮਿਤ ਸ਼ਾਹ ਨੇ ਕਿਹਾ: "ਇਹ ਗਿਣਤੀ 'ਤੇ ਨਿਰਭਰ ਕਰਦਾ ਹੈ। ਇੱਥੇ 2-3 ਪਾਰਟੀਆਂ ਦੀ ਗਠਜੋੜ ਸਰਕਾਰ ਬਣ ਸਕਦੀ ਹੈ, ਜਿਵੇਂ ਕਿ ਇਸ ਦੇਸ਼ ਵਿੱਚ ਹੈ।ਇਸ ਵਾਰ ਨਵੇਂ ਗਠਜੋੜ ਨਾਲ ਪੰਜਾਬ ਚੋਣਾਂ ਲੜਦਿਆਂ, ਭਾਜਪਾ ਨੇ 117 ਸੀਟਾਂ ਵਾਲੀ ਵਿਧਾਨ ਸਭਾ ਵਿੱਚੋਂ 65 ਸੀਟਾਂ 'ਤੇ ਚੋਣ ਲੜੀ ਹੈ, ਜਿਸ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ (ਪੀਐਲਸੀ) ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ 37 ਅਤੇ 15 ਸੀਟਾਂ ਮਿਲੀਆਂ ਹਨ। , ਕ੍ਰਮਵਾਰ। ਪੰਜਾਬ ਵਿੱਚ ਬਹੁਮਤ ਦਾ ਅੰਕੜਾ 59 ਹੈ ਅਤੇ ਵੋਟਾਂ ਦੀ ਗਿਣਤੀ 10 ਮਾਰਚ, 2022 ਨੂੰ ਹੋਵੇਗੀ।ਸਾਲ ਭਰ ਚੱਲੇ ਕਿਸਾਨਾਂ ਦੇ ਵਿਰੋਧ ਨੂੰ ਇਸ ਚੋਣ ਵਿੱਚ ਭਾਰੀ ਲਟਕਾਉਣ ਦੇ ਨਾਲ, ਭਾਜਪਾ ਨੇ ਸਰਹੱਦੀ ਰਾਜ ਵਿੱਚ ਰਾਸ਼ਟਰੀ ਸੁਰੱਖਿਆ ਨੂੰ ਆਪਣਾ ਮੁੱਖ ਚੋਣ ਮੈਦਾਨ ਬਣਾ ਲਿਆ ਹੈ, ਖਾਸ ਤੌਰ 'ਤੇ ਪਿਛਲੇ ਮਹੀਨੇ



ਫਿਰੋਜ਼ਪੁਰ ਜ਼ਿਲ੍ਹੇ ਦੇ ਹੁਸੈਨੀਵਾਲਾ ਨੇੜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਦੀ ਬੇਮਿਸਾਲ ਉਲੰਘਣਾ।"ਮੈਂ ਪੰਜਾਬ ਵਿੱਚ ਨੌਂ ਰੈਲੀਆਂ ਕੀਤੀਆਂ। ਉੱਥੇ ਸੁਰੱਖਿਆ ਵੀ ਇੱਕ ਵੱਡਾ ਮੁੱਦਾ ਹੈ। ਇਹ ਇੱਕ ਸਰਹੱਦੀ ਰਾਜ ਹੈ। ਪੀਐਮ ਮੋਦੀ ਦੀ ਸੁਰੱਖਿਆ ਦਾ ਉਲੰਘਣ ਵੀ ਇੱਕ ਵੱਡਾ ਮੁੱਦਾ ਸੀ। ਸਾਨੂੰ ਉੱਥੇ ਸਫਲਤਾ ਮਿਲੇਗੀ, ਨਤੀਜੇ ਆਉਣ ਤੋਂ ਬਾਅਦ ਸਾਨੂੰ ਪ ਤ ਾ ਲੱਗੇਗਾ",ਸ਼ਾਹ ਨੇ ਨੈੱਟਵਰਕ 18 ਨੂੰ ਦੱਸਿਆ।

ਸੀਨੀਅਰ ਭਾਜਪਾ ਆਗੂ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਚੋਣ ਰੈਲੀ ਵਿੱਚ ਪ੍ਰਿਅੰਕਾ ਗਾਂਧੀ ਦੀ ਮੌਜੂਦਗੀ ਵਿੱਚ "ਭਈਆਂ ਨੂੰ ਦਾਖਲ ਨਹੀਂ ਹੋਣ ਦਿਆਂਗੇ" ਦੀ ਟਿੱਪਣੀ ਦੀ ਵੀ ਨਿੰਦਾ ਕੀਤੀ।"ਇਹ ਕਾਂਗਰਸ ਪਾਰਟੀ ਦੀ ਸ਼ੈਲੀ ਹੈ। ਉਹ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਬਿਆਨ ਦਿੰਦੇ ਹਨ। ਮੈਨੂੰ ਨਹੀਂ ਲੱਗਦਾ ਕਿ ਇਹ ਬਿਆਨ ਸਿਹਤਮੰਦ ਸਮਾਜ ਲਈ ਠੀਕ ਹੈ। ਭਾਰਤ ਇੱਕ ਰਾਸ਼ਟਰ ਹੈ। ਜੋ ਕੋਈ ਵੀ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਗੁਜਰਾਤ, ਯੂਪੀ ਜਾਂ ਪੰਜਾਬ ਜਾਣਾ ਚਾਹੁੰਦਾ ਹੈ, ਉਹ ਅਜਿਹਾ ਕਰ ਸਕਦਾ ਹੈ। ਮੈਂ ਇਸ ਤਰ੍ਹਾਂ ਦੇ ਬਿਆਨਾਂ ਜਾਂ ਵੋਟਾਂ ਦੀ ਰਾਜਨੀਤੀ ਦਾ ਸਮਰਥਨ ਨਹੀਂ ਕਰਦਾ। ਪ੍ਰਿਅੰਕਾ ਗਾਂਧੀ ਸਟੇਜ 'ਤੇ ਇਸ ਬਿਆਨ 'ਤੇ ਆਪਣੀ ਮਨਜ਼ੂਰੀ ਜ਼ਾਹਰ ਕਰ ਰਹੀ ਸੀ। ਦੋ ਦਿਨਾਂ ਦੇ ਅੰਦਰ, ਉੱਤਰ ਪ੍ਰਦੇਸ਼ ਵਿੱਚ, ਉਸਨੇ ਕਿਹਾ ਕਿ ਪਾਰਟੀ ਯੂਪੀ ਦੇ ਮਾਣ ਲਈ ਲੜ ਰਹੀ ਹੈ। ਮੈਂ ਦੋ ਦਿਨਾਂ ਦੇ ਅੰਦਰ ਅਜਿਹਾ ਵਿਰੋਧਾਭਾਸ ਕਦੇ ਨਹੀਂ ਦੇਖਿਆ, "ਸ਼ਾਹ ਨੇ ਕਿਹਾ।

ਕੇਂਦਰੀ ਗ੍ਰਹਿ ਮੰਤਰੀ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਪਾਬੰਦੀਸ਼ੁਦਾ ਵੱਖਵਾਦੀ ਸਮੂਹ ਸਿੱਖਸ ਫਾਰ ਜਸਟਿਸ (ਐਸਐਫਜੇ) ਅਤੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦਰਮਿਆਨ ਕਥਿਤ ਸਬੰਧਾਂ ਦੇ ਚੰਨੀ ਦੇ ਦੋਸ਼ਾਂ ਨੂੰ ਹਲਕੇ ਵਿੱਚ ਨਹੀਂ ਲਵੇਗੀ।ਅਮਿਤ ਸ਼ਾਹ ਨੂੰ ਲਿਖੇ ਪੱਤਰ ਵਿੱਚ ਚੰਨੀ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਿੰਝਤੋਂ ਇੱਕ ਪੱਤਰ ਮਿਲਿਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਗਰੁੱਪ ਲਗਾਤਾਰ ਓਓਫ ਦੇ ਸੰਪਰਕ ਵਿੱਚ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਿੰਝਦੇ ਪੱਤਰ ਵਿੱਚ ਇਹ ਜ਼ਿਕਰ ਕੀਤਾ ਗਿਆ ਸੀ ਕਿ ਜਥੇਬੰਦੀ ਨੇ 2017 ਦੀਆਂ ਪੰਜਾਬ ਚੋਣਾਂ ਵਿੱਚ 'ਆਪ' ਨੂੰ ਸਮਰਥਨ ਦਿੱਤਾ ਸੀ ਅਤੇ ਮੌਜੂਦਾ ਚੋਣਾਂ ਵਿੱਚ ਵੀ ਅਜਿਹਾ ਕਰਨਾ ਜਾਰੀ ਰੱਖਿਆ ਗਿਆ ਸੀ।ਚੰਨੀ ਨੂੰ ਵਾਪਸ ਲਿਖਦੇ ਹੋਏ, ਸ਼ਾਹ ਨੇ ਕਿਹਾ ਸੀ ਕਿ "ਭਾਰਤ ਸਰਕਾਰ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਮੈਂ ਖੁਦ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਾਂਗਾ"।"ਕਿਸੇ ਵੀ ਪਾਰਟੀ ਦਾ ਵੱਖਵਾਦੀ ਸਮੂਹ ਨਾਲ ਲਿੰਕ ਹੋਣਾ ਅਤੇ ਚੋਣਾਂ ਵਿੱਚ ਸਿਆਸੀ ਲਾਭ ਲਈ ਇਸਦੀ ਵਰਤੋਂ ਇੱਕ ਗੰਭੀਰ ਮੁੱਦਾ ਹੈ। ਕੋਈ ਵੀ ਸਰਕਾਰ ਇਸ ਨੂੰ ਹਲਕੇ ਵਿੱਚ ਨਹੀਂ ਲਵੇਗੀ। ਅਸੀਂ ਇਸਦੀ ਜਾਂਚ ਕਰਾਂਗੇ... ਜੇਕਰ ਕੋਈ ਮੁੱਖ ਮੰਤਰੀ ਤੁਹਾਨੂੰ ਪੱਤਰ ਲਿਖਦਾ ਹੈ, ਤਾਂ ਤੁਸੀਂ ਇਸਨੂੰ ਹਲਕੇ ਵਿੱਚ ਨਹੀਂ ਲੈ ਸਕਦੇ। ਬਾਕੀ ਅਸੀਂ ਜਾਂਚ ਤੋਂ ਬਾਅਦ ਜਾਣਾਂਗੇ, "ਸ਼ਾਹ ਨੇ ਨੈੱਟਵਰਕ 18 ਨੂੰ ਦੱਸਿਆ।

**- ਹਰਦੀਪ ਸਿੰਘ ਚੁੰਬਰ**

ਸਾਹਿਬ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 645ਵੇ ਆਗਮਨ ਪੁਰਬ ਦੀਆ ਬਹੁਤ ਬਹੁਤ ਮੁਬਾਰਕਾਂ ਹੋਣ ਜੀ। ਜਿਨ੍ਹਾਂ ਦੀ ਸਿੱਖਿਆਵਾਂ ਨੇ ਵਿਸ਼ਵ ਦੇ ਕੋਨੇ ਕੋਨੇ ਚ ਰਹਿਣ ਵਾਲੀਆਂ ਗੁਰੂ ਨਾਮ ਲੇਵਾ ਸੰਗਤਾਂ ਨੂੰ ਇਕ ਨਵਾਂ ਜੀਵਨ ਬਖਸ਼ਿਸ ਕੀਤਾ। ਜਿਵੇਂ ਕਿ ਸਿੱਖਿਆ (ਮਾਧੋ ਅਬਿਦਿਆ ਹਿਤ ਕੀਨ॥) ਗਿਆਨਵਾਨ ਬਣਨ ਦਾ ਹੁਕਮ ਦਿੱਤਾ, ਇਕੱਠੇ ਹੋਣ ਲਈ ਕਿਹਾ। (ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥) ਜਿਵੇਂ ਮਧੂ ਮੱਖੀਆਂ ਕਈ ਗੁਣਾ ਦੀਆ ਮਾਲਕਣ ਹਨ। ਚੰਗਾ ਗੁਣ ਜਿਥੋਂ ਵੀ ਮਿਲੇ ਇਕੱਠੇ ਕਰੋ ਭਾਵ ਸਹਿਦ ਆਪਣੇ ਰਾਜੇ ਦੇ ਹੁਕਮ ਅਨੁਸਾਰ ਚੱਲਣਾ ਆਪਣੇ ਕੰਮ ਭਾਵ ਕਿਰਤ ਕਰਨੀ ਤੇ ਜੁਲਮ ਹੋਣ ਤੇ ਸਾਹਮਣਾ ਕਰਨਾ। ਜਿਸ ਤਰ੍ਹਾਂ ਅੱਜ ਸਾਡੇ ਬਹੁਤ ਸਾਰੇ ਵੀਰ ਤੇ ਭੈਣਾਂ ਸਿੱਖਿਆ ਹਾਸਲ ਕਰਕੇ ਉੱਚੇ ਉੱਚੇ ਅਹੁਦਿਆਂ ਤੇ ਦੇਸ਼ ਕੌਮ ਸਮਾਜ ਦੀ ਸੇਵਾ ਕਰ ਰਹੇ ਹਨ।

**ਸਵਾਮੀ ਬਲਰਾਮ ਰਾਏ**

**ਪ੍ਰਮੁੱਖ ਸੇਵਾਦਾਰ ਸਤਿਗੁਰੂ ਰਵਿਦਾਸ ਧਾਮ ਬੂਟਾਂ ਮੰਡੀ ਜਲੰਧਰ**



'ਦੇਸ਼ ਦੁਆਬਾ'

'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

# ਵੱਡਾ ਘੱਲੂਘਾਰਾ



ਸਿੱਖਾਂ ਦਾ ਪਹਿਲਾ ਘੱਲੂਘਾਰਾ ਮੁਗਲ ਸਾਮਰਾਜ ਦੇ ਢਹਿ-ਢੇਰੀ ਸਾਲਾਂ ਦੌਰਾਨ ਹੋਇਆ ਸੀ। ਕਤਲੇਆਮ ਨੂੰ 'ਛੋਟਾ ਘੱਲੂਘਾਰਾ' 'ਘੱਟ ਘੱਲੂਘਾਰਾ ਜਾਂ ਘੱਟ ਕਤਲੇਆਮ' ਵਜੋਂ ਜਾਣਿਆ ਜਾਂਦਾ ਹੈ। ਜਿਵੇਂ ਕਿ, ਇਹ ਵੱਡਾ ਘੱਲੂਘਾਰਾ, ਦੂਜਾ ਸਿੱਖ ਸਰਬਨਾਸ਼ ਸੰਨ 1762, ਜਿਸ ਨੂੰ ਘੱਲੂਘਾਰੇ ਵਜੋਂ ਵੀ ਜਾਣਿਆ ਜਾਂਦਾ ਹੈ।

ਸਿੱਖਾਂ ਦਾ ਸੰਖੇਪ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਦੀਆਂ ਸਿੱਖਿਆਵਾਂ ਨੇ ਸਿੱਖ ਧਰਮ ਨੂੰ ਜਨਮ ਦਿੱਤਾ ਜੋ ਕਿ ਇਕ ਵਿਲੱਖਣ ਸਮਾਜਿਕ ਸ਼ਕਤੀ ਬਣ ਗਿਆ ਸੀ, ਖਾਸ ਤੌਰ 'ਤੇ 1699 ਵਿਚ ਖਾਲਸਾ ਫੌਜ ਦੇ ਗਠਨ ਤੋਂ ਬਾਅਦ। ਮੁਗਲ ਸਾਮਰਾਜ ਅਤੇ ਅਨਿਆਂ ਦਾ ਕੋਈ ਹੋਰ ਰੂਪ ਸੀ। ਅਠਾਰਵੀਂ ਸਦੀ ਦੇ ਆਰੰਭ ਵਿਚ, ਖ਼ਾਲਸੇ ਨੂੰ ਉੱਤਰੀ ਭਾਰਤ ਅਤੇ ਪੰਜਾਬ ਦੇ ਬਹੁਤ ਸਾਰੇ ਮੁਸਲਮ ਸ਼ਾਸਕਾਂ ਦੁਆਰਾ ਗੈਰ ਕਾਨੂੰਨੀ ਠਹਿਰਾਇਆ ਗਿਆ ਸੀ ਅਤੇ ਅਕਸਰ ਪੰਜਾਬ ਅਤੇ ਗੁਆਂਢੀ ਕਸ਼ਮੀਰ ਦੇ ਦੂਰ-ਦੁਰਾਡੇ ਦੇ ਜੰਗਲਾਂ, ਰੇਗਿਸਤਾਨਾਂ ਅਤੇ ਦਲਦਲ ਦੇ ਮੈਦਾਨਾਂ ਦੀ ਸੁਰੱਖਿਆ ਦੀ ਮੰਗ ਕਰਕੇ ਬਚਣ ਲਈ ਮਜਬੂਰ ਕੀਤਾ ਜਾਂਦਾ ਸੀ।

1606 ਈਸਵੀ ਵਿਚ ਪੰਜਵੇਂ ਸਿੱਖ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ, ਸਿੱਖਾਂ ਨੇ ਹਥਿਆਰਾਂ ਦੀ ਵਰਤੋਂ ਅਤੇ ਸਵੈ-ਰੱਖਿਆ ਦੀ ਲੋੜ ਨੂੰ ਜਾਣ ਲਿਆ ਸੀ। ਸਿੱਖਾਂ ਨੇ, ਬਾਬਰ ਦੇ ਭਾਰਤ ਸੱਦੇ ਤੋਂ ਬਹੁਤ ਪਹਿਲਾਂ ਹਿੰਦੂਆਂ ਉੱਤੇ ਆਤੰਕ ਦੇ ਰਾਜ ਤੋਂ ਕਾਫ਼ੀ ਹੱਦ ਤੱਕ ਬਚਿਆ ਹੋਇਆ ਸੀ। ਉਹਨਾਂ ਦੇ ਧਾਰਮਿਕ ਸਥਾਨਾਂ ਲਈ ਉਹਨਾਂ ਦਾ ਯੋਗਦਾਨ, ਅਕਸਰ ਸੋਨੇ ਦੇ ਰੂਪ ਵਿਚ, ਬਾਬਰ ਵਰਗੇ ਆਦਮੀਆਂ ਲਈ ਆਸਾਨ ਚੋਣ ਸੀ। ਜਦੋਂ ਮੁਸਲਮਾਨਾਂ ਨੇ ਲੁੱਟਣ ਦੀ ਬਜਾਏ ਰਹਿਣ ਦੀ ਚੋਣ ਕੀਤੀ ਤਾਂ ਹਿੰਦੂ ਪੂਜਾ ਦੇ ਘਰਾਂ ਵਿਚ ਰੱਖੀਆਂ ਮੂਰਤੀਆਂ ਨੂੰ ਤੋੜ ਦਿੱਤਾ ਸੀ। ਇਸ ਲਈ ਜਦੋਂ ਸੂਫੀਆਂ ਦੇ ਨੇਕ ਪੁਰਸ਼ ਬਹੁਤ ਸਾਰੇ ਹਿੰਦੂਆਂ ਦੀਆਂ ਨੀਵੀਆਂ ਜਾਤਾਂ ਤੋਂ (ਜਿਨ੍ਹਾਂ ਨੂੰ ਹਿੰਦੂ ਪੂਜਾ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਜਾਂ ਹਿੰਦੂ ਮੰਦਰਾਂ ਵਿਚ ਦਾਖਲ ਹੋਣ ਤੋਂ ਵੀ ਰੋਕਿਆ ਗਿਆ ਸੀ) ਤੋਂ, ਬਹੁਤ ਸਾਰੇ ਲੋਕਾਂ ਨੂੰ ਇਸਲਾਮ ਵਿਚ ਪਰਿਵਰਤਿਤ ਕਰ ਰਹੇ ਸਨ, ਜਦੋਂ ਕਿ ਸੁੰਨੀ ਅਕਸਰ ਦਹਿਸ਼ਤ ਦਾ ਸਹਾਰਾ ਲੈਂਦੇ ਸਨ। ਤਸ਼ੱਦਦ ਅਤੇ ਜਬਰਦਸਤੀ ਧਰਮ ਪਰਿਵਰਤਨ। ਸਿੱਖਾਂ ਦੇ ਧਰਮ ਅਸਥਾਨਾਂ ਵਿਚ ਕੋਈ ਮੂਰਤੀਆਂ ਨਾ ਹੋਣ ਅਤੇ ਇਕ ਰੱਬ ਵਿਚ ਵਿਸ਼ਵਾਸ ਰੱਖਣ ਵਾਲੇ ਸਿੱਖਾਂ ਨੂੰ ਬਹੁਤ ਹੱਦ ਤੱਕ ਨਜ਼ਰ-ਅੰਦਾਜ਼ ਕੀਤਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਉਸ ਦੇ ਦਰਬਾਰ ਵਿਚ ਈਰਖਾਲੂ ਹਿੰਦੂ ਸ਼ਾਹੂਕਾਰ ਅਤੇ ਮੰਤਰੀ ਵਰਗੇ ਈਰਖਾਲੂ ਲੋਕਾਂ ਤੋਂ ਬਾਅਦ ਹੀ ਚੰਦੂ ਸ਼ਾਹ ਨੇ ਗ੍ਰਿਫ਼ਤਾਰੀ ਲਈ ਜ਼ੋਰ ਪਾਇਆ। ਜਹਾਂਗੀਰ ਦੇ ਪਿਤਾ ਅਕਬਰ ਅਤੇ ਉਸ ਦੇ ਪਿਤਾ ਹਮਾਯੂੰ ਸਿੱਖ ਗੁਰੂਆਂ ਦੇ ਮਹਿਮਾਨ ਅਤੇ ਪ੍ਰਸੰਸਕ ਸਨ। ਅਕਬਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਸਮੇਂ ਅੰਮ੍ਰਿਤਸਰ ਤੇ ਇਸ ਦੇ ਆਸ-ਪਾਸ ਦੇ ਪਿੰਡਾਂ ਦੀ ਜਾਗੀਰ ਤੋਂ ਤੋਹਫ਼ੇ ਵਜੋਂ ਦਿੱਤੀ ਸੀ। ਦੁਬਾਰਾ ਇਹ ਈਰਖਾ ਅਤੇ ਉਹਨਾਂ ਦੀ ਬੰਦਿਆਂ ਦੀਆਂ ਸਾਜ਼ਿਸ਼ਾਂ ਸਨ, ਜਿਨ੍ਹਾਂ ਨੇ ਮੁਗਲਾਂ ਨੂੰ ਗੁਰੂ ਹਰਗੋਬਿੰਦ ਜੀ ਨਾਲ ਪਹਿਲੀਆਂ, ਰੱਖਿਆਤਮਕ ਲੜਾਈਆਂ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।



ਪ੍ਰੋ: ਐਚ.ਐਲ.ਕਪੂਰ

**ਮੀਰੀ ਪੀਰੀ:** ਕਈ ਸਾਲਾਂ ਦੀ ਸ਼ਾਂਤੀ ਤੋਂ ਬਾਅਦ, ਜਿਵੇਂ ਕਿ ਹਿੰਦੂਆਂ ਦੇ ਵਿਰੁੱਧ ਮੁਸਲਮਾਨਾਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਬਲਾਤਕਾਰਾਂ ਦੇ ਨਾਲ ਹਮਲਾ ਜਾਰੀ ਰਿਹਾ। ਹਜ਼ਾਰਾਂ ਲੋਕਾਂ ਦੁਆਰਾ ਹਿੰਦੂ ਪੂਜਾ ਦੇ ਘਰਾਂ ਨੂੰ ਤਬਾਹ ਕਰ ਦਿੱਤਾ ਗਿਆ, ਤਬਾਹ ਹੋਏ ਮੰਦਰਾਂ ਦੇ ਹਿੱਸਿਆਂ ਵਿਚੋਂ, ਉਸੇ ਥਾਂ 'ਤੇ ਮਸਜਿਦਾਂ ਬਣਾਈਆਂ ਗਈਆਂ ਸਨ। ਇਸ ਅਭਿਆਸ ਦੀਆਂ ਸਭ ਤੋਂ ਵਧੀਆ ਸ਼ੁਰੂਆਤੀ ਉਦਾਹਰਣਾਂ ਵਿਚੋਂ ਇਕ ਹੈ ਦਿੱਲੀ ਦਾ ਕੁਤਬ ਮੀਨਾਰ। ਜਦੋਂ ਔਰੰਗਜ਼ੇਬ ਨੇ ਗੱਦੀ 'ਤੇ ਕਬਜ਼ਾ ਕਰ ਲਿਆ ਅਤੇ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕਰ ਲਿਆ, ਰਾਜ ਦੀ ਨੀਤੀ ਹਿੰਦੂ ਧਰਮ ਦੀ ਪੂਰੀ ਤਰ੍ਹਾਂ ਤਬਾਹੀ ਬਣ ਗਈ। ਹਿੰਦੂ ਧਰਮ ਉੱਤੇ ਹੋਏ ਇਸ ਹਮਲੇ ਦੇ ਬਚਾਅ ਵਿਚ ਹੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਮਨਸੂਬਿਆਂ ਨੂੰ ਰੋਕਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।

ਉਨ੍ਹਾਂ ਦੇ ਨੌਜਵਾਨ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਇਹ ਦੇਖ ਕੇ ਕਿ ਔਰੰਗਜ਼ੇਬ ਭਾਰਤ ਵਿਚ ਹਿੰਦੂ ਧਰਮ ਨੂੰ ਖਤਮ ਕਰਨ ਦਾ ਇਰਾਦਾ ਰੱਖਦਾ ਸੀ, ਉਹ ਜਾਣਦੇ ਸਨ ਕਿ ਸਿੱਖ ਫਿਰ ਅੱਗੇ ਹੋਣਗੇ। ਗੁਰੂ ਜੀ ਨੇ ਸਿੱਖਾਂ ਨੂੰ ਸਿਖਲਾਈ ਅਤੇ ਹਥਿਆਰਾਂ ਨੂੰ ਦੁੱਗਣਾ ਕਰਨਾ ਸ਼ੁਰੂ ਕਰ ਦਿੱਤਾ। ਉਹ ਇਕ ਕਵੀ, ਵਿਦਵਾਨ ਅਤੇ ਸੰਤ ਸਿਪਾਹੀ ਬਣ ਗਏ। ਸ਼ਿਵਾਲਿਕ ਪਰਬਤ ਦੀ ਤਲਹਟੀ ਵਿਚ, ਉਹਨਾਂ ਦੇ ਪਿਤਾ ਦੁਆਰਾ ਵਸਾਏ ਗਏ ਕਸਬੇ ਦੇ ਆਲੇ ਦੁਆਲੇ ਦੇ ਰਾਜਾਂ ਦੇ ਹਿੰਦੂ ਸ਼ਾਸਕਾਂ ਦੀ ਈਰਖਾ ਨੂੰ ਦੇਖਦਿਆਂ, ਉਸ ਨੇ ਜਲਦੀ ਹੀ ਇਕ ਦੋਸਤਾਨਾ ਹਿੰਦੂ ਰਾਜੇ ਦੇ ਉਤਰ ਵਿਚ ਆਪਣੇ ਰਾਜ ਦਾ ਦੌਰਾ ਕਰਨ ਦਾ ਸੱਦਾ ਸਵੀਕਾਰ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕਰਕੇ ਇਕ ਨਵੇਂ ਜੁਝਾਰੂ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਅਤੇ 'ਸ਼ਾਂਤੀਵਾਦੀਆਂ ਦੇ ਇਕ ਪੰਥ ਨੂੰ ਅੰਦੋਲਨ ਦੇ ਖਾੜਕੂ ਭਾਈਚਾਰੇ' ਵਿਚ ਬਦਲ ਕੇ ਸਿੱਖ ਸਮਾਜ 'ਚ ਇਕ ਕ੍ਰਾਂਤੀ ਲਿਆ ਦਿੱਤੀ। ਉਹ 1708 ਵਿਚ ਜੋਤੀ ਜੋਤਿ ਸਮਾ ਗਏ ਪਰ ਉਹਨਾਂ ਨੇ ਬੇਇਨਸਾਫ਼ੀ ਵਿਰੁੱਧ ਲੜਾਈ ਵਿਚ ਲੋਕਾਂ ਦੀ ਕਲਪਨਾ ਨੂੰ ਹਵਾ ਦਿੱਤੀ ਤੇ ਆਪਣੇ ਜੀਵਨ ਕਾਲ 'ਚ ਚੌਦਾਂ ਜੰਗਾਂ ਲੜੀਆਂ ਤੇ ਉਹਨਾਂ ਨੂੰ ਆਜ਼ਾਦੀ ਦੀ ਡੂੰਘੀ ਤਾਂਘ ਦਿੱਤੀ, 'ਚਿੜੀਆਂ ਨੂੰ ਬਾਜ ਨਾਲ ਲੜਨ ਦੀ ਸਿਖਲਾਈ ਦਿੱਤੀ ਅਤੇ ਉਹਨਾਂ ਨੂੰ ਯਕੀਨ ਦਿਵਾਇਆ ਕਿ 'ਰਾਜ ਕਰੇਗਾ ਖਾਲਸਾ'।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਕਈ ਵੱਡੀਆਂ ਲੜਾਈਆਂ ਜਿੱਤ ਕੇ ਸਿੱਖਾਂ ਨੂੰ ਪ੍ਰਭੂਸੱਤਾ ਦਾ ਸਵਾਦ ਚਖਾਇਆ। ਇਹ 1715 ਵਿਚ ਉਨ੍ਹਾਂ ਦੀ ਮੌਤ ਤੋਂ ਬਾਅਦ ਆਏ, ਉਹਨਾਂ ਲੋਕਾਂ ਲਈ ਛੱਡ ਦਿੱਤਾ ਗਿਆ ਸੀ- ਸਰਦਾਰ ਕਪੂਰ ਸਿੰਘ, ਸਰਦਾਰ ਬੁੱਧ ਸਿੰਘ ਸੁੱਕਰਚੱਕੀਆ, ਸਰਦਾਰ ਬਾਗ ਸਿੰਘ ਹੋਲੋਵਾਲੀ, ਭਾਈ ਮਨੀ ਸਿੰਘ ਜੀ ਅਤੇ ਹੋਰ ਜਿਨ੍ਹਾਂ ਨੇ ਮੁਗਲ ਹਕੂਮਤ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਕਿ ਸਿੱਖ ਪ੍ਰਾਪਤੀ ਦੇ ਅੰਤ 'ਤੇ ਸਨ, ਉਹ 18ਵੀਂ ਸਦੀ ਦੇ ਮੱਧ ਤੱਕ ਗਿਣੀ ਜਾਣ ਵਾਲੀ ਤਾਕਤ ਸਨ। ਨੌਜਵਾਨ, ਵਧੇਰੇ ਦਲੇਰ ਅਤੇ ਦਲੇਰ ਵਿਅਕਤੀ ਉਭਰ ਕੇ ਸਾਹਮਣੇ ਆਏ ਸਨ ਅਤੇ ਸਿੱਖ ਹੁਣ ਇਕ ਸਾਂਝੇ ਮਕਸਦ ਲਈ ਆਪਣੀ ਫੌਜ ਦੀ ਇਕ ਏਕੀਕ੍ਰਿਤ ਕੇਂਦਰੀ ਕਮਾਂਡ, ਦਲ ਖਾਲਸਾ, 11 ਮਿਸਲਾਂ ਜਾਂ ਡਿਵੀਜ਼ਨਾਂ ਵਿਚ ਵੰਡੇ ਹੋਏ ਸਨ ਅਤੇ ਅੱਗੇ ਬੁੱਢਾ ਅਤੇ ਤਰੁਣਾ ਦਲ ਵਿਚ, ਦੋਵੇਂ ਅਧੀਨ ਇਕਜੁਟ ਹੋ ਗਏ ਸਨ। ਹਰਮਨ ਪਿਆਰੇ ਚੁਣੇ ਗਏ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸੁਪਰੀਮ ਲੀਡਰਸ਼ਿਪ ਵਿਚ ਉਹ ਸਾਲ ਵਿਚ ਦੋ ਵਾਰ ਵਿਸਾਖੀ ਅਤੇ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਵਿਚ ਮਿਲਦੇ ਸਨ, ਇਕ ਕਸਬਾ, ਇਕ ਕਸਬਾ ਜਿਸ ਦਾ ਹੁਣ ਭਾਵਨਾਤਮਕ ਮਹੱਤਵ ਸੀ।

ਗੁਰਮਤਾ ਜਾਂ ਪਾਸ ਕੀਤੇ ਮਤੇ ਸਾਰੇ ਮੁਖੀਆਂ ਲਈ ਪਾਬੰਦ ਸਨ। ਸੰਘਰਸ਼ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਉਦੇਸ਼ ਦੀ ਹਮਾਇਤ ਵਿਚ ਇਕ ਲੋਕ ਲਹਿਰ ਤੇਜ਼ੀ ਨਾਲ ਬਣ ਰਹੀ ਸੀ। ਇਹ ਮੁਗਲਾਂ ਅਤੇ ਅਫ਼ਗਾਨਾਂ ਉੱਤੇ ਖ਼ਾਲਸੇ ਦੀਆਂ ਜਿੱਤਾਂ ਦੁਆਰਾ ਪੈਦਾ ਕੀਤੇ ਗਏ ਉਤਸ਼ਾਹ ਨਾਲ ਕੁਝ ਸਬੰਧ ਰੱਖਦਾ ਸੀ। ਇਸ ਲਈ ਉਨ੍ਹਾਂ ਦੀਆਂ ਧਾਰਨਾਵਾਂ ਉਹਨਾਂ ਨੂੰ ਦਲੇਰ ਬਣਾਉਂਦੀਆਂ ਅਤੇ ਪ੍ਰਭੂਸੱਤਾ ਲਈ ਪੂਰੀ ਤਰ੍ਹਾਂ ਨਾਲ ਬਦਲ ਗਈਆਂ।

**ਛੋਟਾ ਘੱਲੂਘਾਰਾ:** ਪਹਿਲਾ ਘੱਲੂਘਾਰਾ ਲਾਹੌਰ ਸਥਿਤ ਅਫ਼ਗਾਨਿਸਤਾਨ ਦੀ ਸੂਬਾਈ ਸਰਕਾਰ ਦੀ ਮੁਹਿੰਮ ਦੌਰਾਨ ਇਕ ਨਾਟਕੀ ਅਤੇ ਖੂਨੀ ਕਤਲੇਆਮ ਸੀ, ਜਿਸ ਦਾ ਇਰਾਦਾ ਸਿੱਖਾਂ ਦਾ ਸਫਾਇਆ ਕਰਨਾ ਸੀ। 1746 ਵਿਚ ਵਾਪਰੇ 'ਛੋਟੇ ਘੱਲੂਘਾਰੇ' ਨੂੰ ਸਿੱਖ ਇਤਿਹਾਸ ਵਿਚ ਯਾਦ ਕੀਤਾ ਜਾਂਦਾ ਹੈ ਕਿ ਕਿਵੇਂ 5 ਫਰਵਰੀ 1762 ਨੂੰ ਦਲ ਖਾਲਸਾ ਅਤੇ ਅਹਿਮਦ ਸ਼ਾਹ ਦੁਰਾਨੀ ਵਿਚਕਾਰ ਇਕ ਦਿਨ ਦੀ ਲੜਾਈ ਵਿਚ ਭਾਰੀ ਜਾਨੀ-ਮਾਲੀ ਲੜਾਈ ਲੜੀ ਗਈ ਸੀ।

**ਵੱਡਾ ਘੱਲੂਘਾਰਾ:** ਘੱਲੂਘਾਰਾ ਜਿਸ ਨੂੰ 'ਵੱਡਾ ਘੱਲੂਘਾਰਾ'ਕਿਹਾ ਜਾਂਦਾ ਹੈ। ਇਹ 5 ਫਰਵਰੀ 1762 ਈਸਵੀ ਨੂੰ ਕੁਪਹਰੀੜਾ ਨਾਮਕ ਸਥਾਨ 'ਤੇ ਹੋਇਆ, ਜੋ ਕਿ ਭਾਰਤ ਦੇ ਪੰਜਾਬ ਰਾਜ ਵਿਚ ਮਲੇਰਕੋਟਲਾ ਤੋਂ ਲਗਭਗ 12 ਕਿਲੋਮੀਟਰ ਉਤਰ ਵਿਚ ਸਥਿਤ ਹੈ।

ਜੰਡਿਆਲਾ ਦੇ ਆਪਣੇ ਮੁਖਬਰ ਅਕਾਲ ਦਾਸ ਤੋਂ ਸੂਚਨਾ ਮਿਲਣ 'ਤੇ ਅਹਿਮਦ ਸ਼ਾਹ ਦੁਰਾਨੀ ਨੇ ਭਾਰਤ 'ਤੇ ਆਪਣੇ ਛੇਵੇਂ ਹਮਲੇ ਸਮੇਂ ਹਮਲੇ ਕਰਕੇ ਸਿੱਖੀ ਨੂੰ ਜੜ੍ਹੋਂ ਪੁੱਟਣ ਲਈ ਆਇਆ। ਅਹਿਮਦ ਸ਼ਾਹ ਦੁਰਾਨੀ 3 ਫਰਵਰੀ 1762 ਨੂੰ ਵੱਡੀ ਫੌਜ, ਭਾਰੀ ਹਥਿਆਰ ਅਤੇ ਤੋਪਖਾਨੇ ਨਾਲ ਲਾਹੌਰ ਪਹੁੰਚਿਆ। ਖ਼ਤਰੇ ਨੂੰ ਭਾਂਪਦਿਆਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਆ ਨੇ ਲਾਹੌਰ ਛੱਡ ਦਿੱਤਾ ਅਤੇ ਸਤਲੁਜ ਪਰ ਕਰਕੇ ਮਾਲਵੇ ਵੱਲ ਚਲੇ ਗਏ। ਉਸ ਸਮੇਂ ਸਿੰਘਾਂ ਦੀ ਗਿਣਤੀ 40,000 ਸੀ, ਜਿਸ ਵਿਚ 1000 ਬੀਬੀਆਂ, ਬੱਚੇ ਅਤੇ ਬਜ਼ੁਰਗ ਸ਼ਾਮਲ ਸਨ। ਸਿੰਘ ਸੁਰੱਖਿਆ ਲਈ ਆਪਣੀਆਂ ਔਰਤਾਂ ਨੂੰ ਬੀਕਾਨੇਰ ਲਿਜਾਣਾ ਚਾਹੁੰਦੇ ਸਨ। ਅਹਿਮਦ ਸ਼ਾਹ ਨੇ ਸਰਹੰਦ ਦੇ ਆਪਣੇ ਸੂਬੇਦਾਰ ਜ਼ੈਨ ਖਾਨ ਨੂੰ ਉਸ ਦੇ ਆਉਣ ਤੱਕ ਸਿੰਘਾਂ ਨੂੰ ਰੁੱਝੇ ਰੱਖਣ ਲਈ ਕਿਹਾ। ਉਹ ਅਗਲੇ ਦਿਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਮਾਰਨ ਦਾ ਇਰਾਦਾ ਰੱਖਦੇ ਸਨ। ਭੀਖਨ ਖਾਨ ਮਲੇਰਕੋਟਲਾ ਦੇ ਜ਼ੈਨ ਖਾਨ ਵੀ ਸ਼ਾਮਲ ਹੋ ਗਏ। ਅਹਿਮਦ ਸ਼ਾਹ ਜਿੱਤ ਤੋਂ ਬਾਅਦ ਵਾਪਸ ਪਰਤਿਆ।

ਜਦੋਂ ਅਹਿਮਦ ਸ਼ਾਹ 1761 ਵਿਚ ਪਾਣੀਪਤ ਦੀ ਤੀਜੀ ਲੜਾਈ ਵਿਚ ਮਰਾਠਿਆਂ ਉੱਤੇ ਆਪਣੀ ਇਤਿਹਾਸਕ ਜਿੱਤ ਤੋਂ ਬਾਅਦ ਘਰ ਪਰਤ ਰਿਹਾ ਸੀ, ਤਾਂ ਸਿੱਖਾਂ ਨੇ ਉਸ ਨੂੰ ਸਤਲੁਜ ਤੋਂ ਲੈ ਕੇ ਸਿੰਧ ਤੱਕ ਹਰ ਤਰ੍ਹਾਂ ਤੰਗ ਕੀਤਾ ਸੀ। ਕੇਂਦਰੀ ਪੰਜਾਬ ਵੱਲ ਪਰਤ ਕੇ, ਉਹਨਾਂ ਨੇ ਚਾਰੇ ਪਾਸੇ ਦੇਸ਼ ਨੂੰ ਤਬਾਹ ਕਰ ਦਿੱਤਾ, ਚਾਰ ਮਹਿਲ ਵਿਚ ਅਫ਼ਗਾਨ ਫੌਜ ਨੂੰ ਤਬਾਹ ਕਰ ਦਿੱਤਾ, ਜਲੰਧਰ ਦੇ ਫੌਜਦਾਰ ਨੂੰ ਭਜਾ ਦਿੱਤਾ, ਸਰਹਿੰਦ ਅਤੇ ਮਲੇਰਕੋਟੀਆਂ ਨੂੰ ਲੁੱਟ ਲਿਆ, ਇਕ ਫੌਜ ਨੂੰ ਹਰਾਇਆ, 12000 ਤਕੜੀ ਫੌਜ, ਅਫ਼ਗਾਨਿਸਤਾਨ ਤੋਂ ਅਹਿਮਦ ਸ਼ਾਹ ਦੁਆਰਾ ਉਹਨਾਂ ਨੂੰ ਸਜ਼ਾ ਦੇਣ ਲਈ ਭੇਜੀ ਗਈ ਅਤੇ ਇਕ ਹੋਰ ਦੀ ਅਗਵਾਈ ਨਿੱਜੀ ਤੌਰ 'ਤੇ ਲਾਹੌਰ ਦੇ ਅਫ਼ਗਾਨ ਗਵਰਨਰ ਦੁਆਰਾ ਕੀਤੀ ਗਈ ਅਤੇ ਇੱਥੋਂ ਤੱਕ ਕਿ ਲਾਹੌਰ 'ਤੇ ਵੀ ਕਬਜ਼ਾ ਕਰ ਲਿਆ, ਇਹ ਸਭ ਕੁਝ ਥੋੜ੍ਹੇ ਸਮੇਂ ਵਿਚ, ਜੂਨ-ਸਤੰਬਰ 1761 ਵਿਚ ਹੋਇਆ।

27 ਅਕਤੂਬਰ 1761 ਨੂੰ ਦੀਵਾਲੀ ਮੌਕੇ ਅੰਮ੍ਰਿਤਸਰ ਵਿਖੇ ਦਲ ਦੇ ਸੱਦੇ ਗਏ ਜਨਰਲ ਇਜਲਾਸ (ਸਰਬੱਤ ਖਾਲਸਾ) ਵਿਚ ਅਫ਼ਗਾਨਾਂ ਦੇ ਏਜੰਟਾਂ, ਮੁਖ਼ਬਰਾਂ ਅਤੇ ਸਹਿਯੋਗੀਆਂ ਨੂੰ ਸਜਾਵਾਂ ਦੇਣ ਦਾ ਸੰਕਲਪ ਲਿਆ ਗਿਆ, ਜਿਸ ਦੀ ਸ਼ੁਰੂਆਤ ਜੰਡਿਆਲਾ ਦੇ ਅਕੀਲ ਦਾਸ ਤੋਂ ਕੀਤੀ ਗਈ ਸੀ, ਜਿਸ ਦੀ ਸ਼ੁਰੂਆਤ ਧਰਮ ਦੇ ਮੁਖੀ ਤੋਂ ਸੀ। ਨਿਰੰਜਨੀਆ ਸੰਪਰਦਾ ਅਤੇ ਸਿੱਖਾਂ ਦਾ ਕੱਟੜ ਦੁਸ਼ਮਣ, ਅਕੀਲ ਦਾਸ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਦੂਤ ਭੇਜੇ, ਜੋ ਅਸਲ ਵਿਚ ਪਹਿਲਾਂ ਹੀ ਇਕ ਵੱਡੀ ਫੌਜ ਦੀ ਅਗਵਾਈ ਵਿਚ ਭਾਰਤ ਵਿਚ ਦਾਖਲ ਹੋ ਚੁੱਕਾ ਸੀ।

ਇਸ ਦੌਰਾਨ ਸਿੱਖਾਂ ਨੇ ਅੰਮ੍ਰਿਤਸਰ ਤੋਂ 18 ਕਿਲੋਮੀਟਰ ਪੂਰਬ ਵੱਲ ਜੰਡਿਆਲਾ ਨੂੰ ਘੇਰਾ ਪਾ ਲਿਆ ਸੀ। ਅਕਿਲ ਦਾਸ ਦੇ ਦੂਤ ਰੋਹਤਾਸ ਵਿਖੇ ਸ਼ਾਹ ਨੂੰ ਮਿਲੇ। ਬਾਅਦ ਵਾਲੇ ਨੇ ਤੇਜ਼ ਰਫ਼ਤਾਰ ਨਾਲ ਅੱਗੇ ਵਧਿਆ ਪਰ ਜੰਡਿਆਲੇ ਪਹੁੰਚਣ ਤੋਂ ਪਹਿਲਾਂ, ਸਿੱਖਾਂ ਨੇ ਘੇਰਾਬੰਦੀ ਹਟਾ ਲਈ ਸੀ ਅਤੇ ਹਮਲਾਵਰ ਦਾ ਸਾਹਮਣਾ ਕਰਨ ਤੋਂ ਪਹਿਲਾਂ ਆਪਣੇ ਪਰਿਵਾਰਾਂ ਨੂੰ ਮਾਲਵੇ ਦੇ ਉਜਾੜ ਭੂਮੀ ਦੀ ਸੁਰੱਖਿਆ ਵਿਚ ਭੇਜਣ ਦੇ ਉਦੇਸ਼ ਨਾਲ ਸਤਲੁਜ ਤੋਂ ਪਾਰ ਚਲੇ ਗਏ ਸਨ।

ਸ਼ਾਹ ਨੇ ਸਿੱਖਾਂ ਨੂੰ ਸਜ਼ਾ ਦੇਣ ਦਾ ਪੱਕਾ ਇਰਾਦਾ ਕੀਤਾ: ਦੂਜੇ ਪਾਸੇ, ਅਹਿਮਦ ਸ਼ਾਹ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਦ੍ਰਿੜ੍ਹ ਇਰਾਦਾ ਰੱਖਦੇ ਹੋਏ, ਸਰਹਿੰਦ ਦੇ ਫੌਜਦਾਰ ਜ਼ੈਨ ਖਾਨ ਅਤੇ ਮਲੇਰਕੋਟੀਆ ਦੇ ਮੁਖੀ ਭੀਖਨ ਖਾਨ ਨੂੰ ਸੰਦੇਸ਼ ਭੇਜੇ, ਉਹਨਾਂ ਨੂੰ ਤੁਰੰਤ ਸਿੱਖਾਂ ਦੀ ਅਗਾਂਹਵਧੂ ਜਾਂਚ ਕਰਨ ਲਈ ਕਿਹਾ, ਜਦੋਂ ਕਿ ਉਸਨੇ ਖੁਦ ਚਾਨਣਾ ਪਾਇਆ। ਘੋੜ ਸਵਾਰ ਫੌਜ ਨੇ ਇਕ ਵਾਰ ਰਵਾਨਾ ਹੋ ਕੇ 5 ਫਰਵਰੀ 1762 ਦੀ ਸਵੇਰ ਨੂੰ, ਮਲੇਰਕੋਟੀਆਂ ਤੋਂ 12 ਕਿਲੋਮੀਟਰ ਉਤਰ ਵੱਲ, ਕੁੱਪ ਰਹੀੜਾਂ ਵਿਖੇ ਡੇਰੇ ਲਾਏ ਹੋਏ ਸਿੱਖਾਂ ਨਾਲ 48 ਘੰਟੇ ਤੋਂ ਵੀ ਘੱਟ ਸਮੇਂ ਵਿਚ ਦੋ ਨਦੀ ਪਾਰਾਂ ਸਮੇਤ 200 ਕਿਲੋਮੀਟਰ ਦੀ ਦੂਰੀ ਤਹਿ ਕੀਤੀ।

ਦਲ ਖਾਲਸਾ, ਜਿਸ ਵਿਚ ਸਾਰੀਆਂ ਗਿਆਰਾਂ ਮਿਸਲਾਂ ਅਤੇ ਮਾਲਵੇ ਦੇ ਸਿੱਖ ਸਰਦਾਰਾਂ ਦੇ ਨੁਮਾਇੰਦੇ ਸ਼ਾਮਲ ਸਨ, ਹੈਰਾਨ ਰਹਿ ਗਏ। ਜ਼ੈਨ ਖਾਨ ਅਤੇ ਭੀਖਨ ਖਾਨ ਦੇ ਹਮਲਿਆਂ ਨੂੰ ਆਸਾਨੀ ਨਾਲ ਨਕਾਰ ਦਿੱਤਾ ਗਿਆ ਸੀ, ਪਰ ਅਹਿਮਦ ਸ਼ਾਹ ਦੀ ਮੁੱਖ ਸੰਸਥਾ, ਜੋ ਕਿ ਬਹੁਤ ਵੱਡੀ ਅਤੇ ਵਧੀਆ ਢੰਗ ਨਾਲ ਲੈਸ ਸੀ, ਨੇ ਜਲਦੀ ਹੀ ਉਹਨਾਂ ਨੂੰ ਪਛਾੜ ਦਿੱਤਾ। ਔਰਤਾਂ, ਬੱਚਿਆਂ, ਬੁੱਢਿਆਂ ਅਤੇ ਹੋਰ ਗੈਰ ਜੁਝਾਰੂਆਂ ਸਮੇਤ ਹੌਲੀ ਚੱਲ ਰਹੀ ਵਹੀਰ ਜਾਂ ਸਮਾਨ ਦੀ ਰੇਲ ਗੱਡੀ ਦੀ ਰੱਖਿਆ ਕਰਨ ਲਈ, ਸਿੱਖ ਆਪਣੇ ਆਮ ਚਾਲ-ਚੱਲਣ ਦਾ ਸਹਾਰਾ ਨਹੀਂ ਲੈ ਸਕਦੇ ਸਨ ਅਤੇ ਅਜਿਹੇ ਉੱਚੇ ਨੰਬਰਾਂ ਦੇ ਵਿਰੁੱਧ ਇਕ ਸਥਿਰ ਲੜਾਈ ਅਯੋਗ ਸੀ।

ਹਮਲੇ ਵਾਲੇ ਦਿਨ 5 ਫਰਵਰੀ 1762 ਜ਼ੈਨ ਖਾਨ ਨੇ ਆਪਣੇ 20,000 ਜਵਾਨਾਂ ਅਤੇ ਤੋਪਖਾਨੇ ਨਾਲ ਹਮਲਾ ਕੀਤਾ। ਅਬਦਾਲੀ ਵੀ 30,000 ਘੋੜਸਵਾਰਾਂ ਨਾਲ ਹਮਲੇ ਵਿਚ ਸ਼ਾਮਲ ਹੋ ਗਿਆ। ਜੱਸਾ ਸਿੰਘ ਅਤੇ ਚੜ੍ਹਤ ਸਿੰਘ ਨੇ ਆਪਣੀਆਂ ਔਰਤਾਂ ਨੂੰ ਘੇਰਾ ਪਾਉਣ ਅਤੇ ਜੰਗੀ ਰਣਨੀਤੀ ਵਜੋਂ ਬਰਨਾਲਾ ਵੱਲ ਅੱਗੇ ਵਧਣ ਦਾ ਹੁਕਮ ਦਿੱਤਾ। ਸਿੰਘਾਂ ਦਾ ਇਕੋ ਇਕ ਉਦੇਸ਼ ਸੀ ਕਿ ਕਿਸੇ ਤਰ੍ਹਾਂ ਆਪਣੀਆਂ ਔਰਤਾਂ ਨੂੰ ਬਚਾਇਆ ਜਾਵੇ ਅਤੇ ਦੁਸ਼ਮਣ ਨਾਲ ਲੜ ਕੇ ਉਨ੍ਹਾਂ ਦਾ ਵੱਧ ਤੋਂ ਵੱਧ ਨੁਕਸਾਨ ਕੀਤਾ ਜਾਵੇ। ਇਸ ਕਾਰਵਾਈ ਵਿਚ ਸਿੰਘਾਂ ਨੂੰ ਭਾਰੀ ਜਾਨੀ ਨੁਕਸਾਨ ਹੋਇਆ।

**ਬਹੁਤ ਸਾਰੇ ਸਿੱਖ ਮਾਰੇ ਗਏ:** 25,000 ਤੋਂ 30,000 ਦੇ ਕਰੀਬ ਸਿੰਘ ਸ਼ਹੀਦ ਹੋ ਗਏ। ਸਰਦਾਰ ਜੱਸਾ ਸਿੰਘ ਨੂੰ 22 ਅਤੇ ਸਰਦਾਰ ਚੜ੍ਹਤ ਸਿੰਘ ਨੂੰ 19 ਜ਼ਖਮ ਹੋਏ ਸਨ। ਇਸ ਲੜਾਈ ਵਿਚ ਹਰ ਸਿੱਖ ਯੋਧਾ ਜ਼ਖਮੀ ਹੋਇਆ ਸੀ। ਨਾਭਾ ਦੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਦਮਦਮਾ ਸਾਹਿਬ ਵਾਲੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜੰਗ ਵਿਚ ਬਚਾਈ ਨਹੀਂ ਜਾ ਸਕੀ ਸੀ। ਪਰ ਸਿੰਘਾਂ ਨੇ ਅਜਿਹੇ ਕਤਲੇਆਮ ਤੋਂ ਬਾਅਦ ਵੀ ਕਦੇ ਮਨੋਬਲ ਨਹੀਂ ਗੁਆਇਆ, ਜਿਸ ਵਿਚ ਉਹਨਾਂ ਵਿਚੋਂ 70 ਪ੍ਰਤੀਸ਼ਤ ਤੋਂ ਵੱਧ ਜਾਨਾਂ ਚਲੀਆਂ ਗਈਆਂ। ਉਹਨਾਂ ਨੇ ਬਹੁਤ ਜਲਦੀ ਆਪਣੇ ਆਪ ਨੂੰ ਪੁਨਰ-ਗਠਿਤ ਕੀਤਾ ਅਤੇ ਜੁਲਾਈ 1762 ਵਿਚ ਇਕ ਵਾਰ ਫਿਰ ਲਾਹੌਰ ਨੂੰ ਘੇਰਾ ਪਾਉਣ ਅਤੇ ਘੇਰਾਬੰਦੀ ਕਰਨ ਦੇ ਯੋਗ ਹੋ ਗਏ।

ਇਸ ਲਈ ਦਲ ਦੇ ਕਮਾਂਡਰ-ਇਨ-ਚੀਫ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਆ ਦੇ ਸੁਝਾਅ ਨੂੰ ਠੁਕਰਾ ਕੇ ਦੁਸ਼ਮਣ ਦਾ ਸਾਹਮਣਾ ਕਰਨ ਲਈ ਚਾਰ ਮਿਸਲਾਂ ਦਾ ਇਕ ਠੋਸ ਵਰਗ ਬਣਾਉਣ ਲਈ ਦੋ-ਦੋ ਮਿਸਲਾਂ ਨਾਲ ਵਹੀਰ ਅਤੇ ਸੰਤੁਲਨ ਦੀ ਰਾਖੀ ਕੀਤੀ। ਰਿਜ਼ਰਵ ਵਿਚ ਇਹ ਫੈਸਲਾ ਕੀਤਾ ਕਿ ਸਾਰੀਆਂ ਮਿਸਲਾਂ ਨੂੰ ਜੋੜ ਕੇ ਇਕ-ਇਕ ਫੋਰਸ ਬਣਾਉਣ ਲਈ ਵਹੀਰ ਦੇ ਦੁਆਲੇ ਘੇਰਾਬੰਦੀ ਕਰਨੀ ਚਾਹੀਦੀ ਹੈ ਅਤੇ ਮਾਲਵੇ ਦੇ ਸਰਦਾਰਾਂ ਦੇ ਏਜੰਟਾਂ ਦੇ ਮਾਰਗ ਦਰਸ਼ਕ ਵਜੋਂ ਕੰਮ ਕਰਦੇ ਹੋਏ, ਦੱਖਣ-ਪੱਛਮ ਵੱਲ 40 ਕਿਲੋਮੀਟਰ ਦੂਰ ਬਰਨਾਲਾ ਵੱਲ ਵਧਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਇਸ ਲੜਾਈ ਵਿਚ ਹਿੱਸਾ ਲੈਣ ਵਾਲੇ ਆਪਣੇ ਪਿਤਾ ਅਤੇ ਇਕ ਚਾਚੇ ਦੇ ਅਧਿਕਾਰ 'ਤੇ ਰਤਨ ਸਿੰਘ ਭੰਗੂ, ਪ੍ਰਚਾਰਮ ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ, ਜਿਸ ਨੇ ਇਸ ਲੜਾਈ ਵਿਚ ਹਿੱਸਾ ਲਿਆ ਸੀ, ਕਹਿੰਦਾ ਹੈ, 'ਲੜਦੇ ਸਮੇਂ ਲੜਦੇ-ਲੜਦੇ, ਚਲਦੇ-ਫਿਰਦੇ, ਉਹਨਾਂ ਨੇ ਵਹੀਰ ਨੂੰ ਮਾਰਚ ਕਰਦੇ ਹੋਏ, ਇਸ ਨੂੰ ਕੁਕੜੀ ਦੇ ਢੱਕਣ ਵਾਂਗ ਢਕਿਆ ਰੱਖਿਆ। ਇਸ ਦੇ ਖੰਭਾਂ ਹੇਠ ਇਸ ਦੀਆਂ ਮੁਰਗੀਆਂ।'' ਕਈ ਮੌਕਿਆਂ 'ਤੇ, ਸ਼ਾਹ ਦੀਆਂ ਫੌਜਾਂ ਨੇ ਘੇਰਾ ਤੋੜਿਆ ਅਤੇ ਬੇਸਹਾਰਾ ਗੈਰ ਲੜਾਈ ਕਰਨ ਵਾਲਿਆਂ ਦਾ ਕਤਲੇਆਮ ਕੀਤਾ, ਪਰ ਹਰ ਵਾਰ ਸਿੱਖ ਯੋਧਿਆਂ ਨੇ ਸੁਧਾਰ ਕੀਤਾ ਅਤੇ ਹਮਲਾਵਰਾਂ ਨੂੰ ਪਿੱਛੇ ਧੱਕ ਦਿੱਤਾ।

**ਸਿੱਖਾਂ ਨੇ ਬਰਨਾਲੇ ਵੱਲ ਕੂਚ ਕੀਤਾ:** ਦੁਪਹਿਰ ਤੱਕ ਉਹ ਇਕ ਵੱਡੇ ਛੱਪੜ 'ਤੇ ਪਹੁੰਚ ਗਏ, ਜਿਸਨੂੰ ਉਹ ਸਵੇਰ ਤੋਂ ਪਹਿਲਾਂ ਹੀ ਪਾਰ ਕਰ ਚੁੱਕੇ ਸਨ। ਲੜਾਈ ਆਪਣੇ ਆਪ ਬੰਦ ਹੋ ਗਈ ਕਿਉਂਕਿ ਦੋ ਤਾਕਤਾਂ ਪੈਲਮੇਲ, ਆਦਮੀ ਅਤੇ ਜਾਨਵਰ ਆਪਣੀ ਪਿਆਸ ਬੁਝਾਉਣ ਅਤੇ ਆਪਣੇ ਥੱਕੇ ਹੋਏ ਅੰਗਾਂ ਨੂੰ ਆਰਾਮ ਦੇਣ ਲਈ ਪਾਣੀ 'ਤੇ ਡਿੱਗ ਪਈਆਂ। ਲੜਾਈ ਮੁੜ ਸ਼ੁਰੂ ਨਹੀਂ ਹੋਈ ਸੀ। ਸਿੱਖਾਂ ਨੇ ਬਰਨਾਲੇ ਵੱਲ ਕੂਚ ਕੀਤਾ ਅਤੇ ਅਹਿਮਦ ਸ਼ਾਹ ਨੇ ਸਮਝਦਾਰੀ ਸਮਝੀ ਕਿ ਉਹ ਥੋੜ੍ਹੇ ਜਿਹੇ ਜਾਣੇ-ਪਛਾਣੇ ਅਰਧ ਮਾਰੂਥਲ ਵਿਚ ਉਹਨਾਂ ਦਾ ਪਿੱਛਾ ਨਾ ਕਰਨ ਵਾਲੀ ਫੌਜ ਨਾਲ ਜਿਸ ਨੂੰ ਪਿਛਲੇ ਦੋ ਦਿਨਾਂ ਤੋਂ ਆਰਾਮ ਨਹੀਂ ਮਿਲਿਆ ਸੀ ਅਤੇ ਦਿਨ ਭਰ ਚੱਲੀ ਲੜਾਈ ਵਿਚ ਕਾਫ਼ੀ ਨੁਕਸਾਨ ਹੋਇਆ ਸੀ।

ਸਿੱਖਾਂ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ 20,000 ਤੋਂ 50,000 ਤੱਕ ਹੈ। ਵਧੇਰੇ ਭਰੋਸੇਮੰਦ ਅੰਕੜੇ ਇਕ ਸਮਕਾਲੀ ਮੁਸਲਿਮ ਇਤਿਹਾਸਕਾਰ ਮਿਸਕੀਨ ਦੇ ਹਨ, ਜਿਨ੍ਹਾਂ ਨੇ 25,000 ਦਾ ਅੰਦਾਜ਼ਾ ਲਗਾਇਆ ਹੈ ਅਤੇ ਰਤਨ ਸਿੰਘ ਭੰਗੂ, ਜੋ 30,000 ਦੱਸਦਾ ਹੈ।ਇਹ ਸਿੱਖਾਂ ਲਈ ਬਹੁਤ ਵੱਡਾ ਝਟਕਾ ਹੋ ਸਕਦਾ ਸੀ, ਪਰ ਉਹਨਾਂ ਦੇ ਮਨੋਬਲ ਦੀ ਅਜਿਹੀ ਹਾਲਤ ਸੀ ਕਿ ਉਸ ਦਿਨ ਸ਼ਾਮ ਨੂੰ ਸਿੱਖ ਇਕੱਠੇ ਹੋਏ, ਪ੍ਰਚਮ ਪੰਥ ਪ੍ਰਕਾਸ਼ ਦਾ ਹਵਾਲਾ ਦੇਣ ਲਈ, ਇਕ ਨਿਹੰਗ ਨੇ ਖੜ੍ਹੇ ਹੋ ਕੇ ਉੱਚੀ ਆਵਾਜ਼ ਵਿਚ ਐਲਾਨ ਕੀਤਾ, ''ਨਸਲੀ ਨਸ਼ਟ ਹੋ ਗਿਆ ਹੈ, ਸੱਚਾ ਖਾਲਸਾ ਕਾਇਮ ਰਹੇਗਾ।''


ਸਿੱਖਾਂ ਨੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਰਹਿੰਦ ਦੇ ਜ਼ੈਨ ਖਾਂ 'ਤੇ ਹਮਲਾ ਕਰਨ ਲਈ ਦੁਬਾਰਾ ਚੜ੍ਹਾਈ ਕੀਤੀ, ਜਿਸ ਨੇ ਮਈ ਵਿਚ ਉਹਨਾਂ ਨੂੰ 50,000 ਰੁਪਏ ਦੇ ਕੇ ਸ਼ਾਂਤੀ ਖਰੀਦੀ ਸੀ, ਅਤੇ ਉਹ ਜੁਲਾਈ-ਅਗਸਤ 1762 ਦੌਰਾਨ ਲਾਹੌਰ ਦੇ ਇਲਾਕੇ ਨੂੰ ਤਬਾਹ ਕਰ ਰਹੇ ਸਨ, ਅਹਿਮਦ ਸ਼ਾਹ, ਜੋ ਅਜੇ ਵੀ ਪੰਜਾਬ ਵਿਚ ਸੀ, ਦੇਖ ਰਿਹਾ ਸੀ। ਉਨ੍ਹਾਂ ਦੇ ਹੱਥੋਂ ਜਲੰਧਰ ਦੁਆਬ ਦੀ ਤਬਾਹੀ ਬੇਵੱਸ ਹੋ ਗਈ।

**ਮੁਕਤੀ:** 1768 ਤੱਕ ਪੰਜਾਬ ਪੂਰੀ ਤਰ੍ਹਾਂ ਆਜ਼ਾਦ ਹੋ ਜਾਣਾ ਸੀ। ਅਹਿਮਦ ਸ਼ਾਹ ਦਸੰਬਰ, 1762 ਵਿਚ ਚਲਾ ਗਿਆ। 1763 ਦੇ ਸ਼ੁਰੂ ਵਿਚ ਹਰੀ ਸਿੰਘ ਭੰਗੀ ਨੇ ਪੰਜਾਬ ਵਿਚ ਸਭ ਤੋਂ ਵੱਡੀ ਅਫ਼ਗਾਨ ਜੇਬ ਕਸੂਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਜਲੰਧਰ ਦੁਆਬ ਨੂੰ ਜੱਸਾ ਸਿੰਘ ਆਹਲੂਵਾਲੀਆ ਨੇ ਵਾਪਸ ਲੈ ਲਿਆ।ਚੜ੍ਹਤ ਸਿੰਘ ਸੁੱਕਰਚੱਕੀਆ ਅਤੇ ਹਰੀ ਸਿੰਘ ਭੰਗੀ ਨੇ ਨਵੰਬਰ 1763ਵਿਚ ਸਿਆਲਕੋਟ ਵਿਖੇ ਜਹਾਨ ਖਾਨ ਨੂੰ ਹਰਾਇਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਮਲੇਰਕੋਟਲਾ ਦੇ ਨਵਾਬ ਭੀਕਨ ਖਾਨ ਨੂੰ ਹਰਾ ਕੇ ਮਾਰ ਦਿੱਤਾ। 1764 ਵਿਚ ਸਰਹਿੰਦ ਉੱਤੇ ਮੁੜ ਕਬਜ਼ਾ ਕਰ ਲਿਆ ਗਿਆ ਅਤੇ ਇਲਾਕੇ ਆਪਸ ਵਿਚ ਵੰਡ ਲਏ ਗਏ।

ਕੁਝ ਹਫਤਿਆਂ ਬਾਅਦ ਉਹ ਲਾਹੌਰ ਪਹੁੰਚੇ ਅਤੇ

**(ਬਾਕੀ ਅਗਲੇ ਸਫੇ 'ਤੇ)**

# ਜੈਤੋ ਦਾ ਮੋਰਚਾ (21 ਫਰਵਰੀ)
# ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ



ਸਿੱਖ ਧਰਮ ਅਤੇ ਰਾਜਨੀਤੀ ਦੁਨੀਆਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾਂ ਦੇ ਅਣ-ਮਨੁੱਖੀ ਤਸੀਹੇ ਆਪਣੇ ਤਨ ’ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜੁਲਮ ਅਤੇ ਤਸ਼ੱਦਦ ਦੇ ਕੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਹਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਹਨਾਂ ਦੀ ਖੂਬਸੂਰਤ ਦਿਖ ਵੀ ਬਣਾਈ। ਪਰ ਅੰਦਰੂਨੀ ਤੌਰ ਤੇ ਠਾਕੁਰਦੁਆਰਾ ਮਰਿਆਦਾ ਹੀ ਪ੍ਰਚੱਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੋਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ ’ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। ’ਜੈਤੋ ਦਾ ਮੋਰਚਾ’ ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲ੍ਹੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸਦਾ ਸਵਾਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੇ ਔਖੀ ਸੀ ਤੇ ਬਹਾਨੇ ਦੀ ਤਲਾਸ਼ ਵਿਚ ਸੀ। ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟ ਨੇ ਅਗਸਤ 5, 1923 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਿਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ ’ਜੈਤੋ ਦਾ ਮੋਰਚਾ’ ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਮਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲੱਗਭੱਗ 5 ਮਹੀਨੇ ਜਥਿਆਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਹਨਾਂ ਦੋਹਾਂ ਜਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਜੇ ਪੜਾਅ ਵਿਚ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ ’ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ, 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10,000 ਦੀ ਸੰਗਤ ਵੀ ਆ ਜੁੜੀ ਸੀ। ਜਥੇਵਿਚ ਡਾ. ਕਿਚਲੂ, ਪ੍ਰਿੰ: ਗਿਡਵਾਨੀ ਅਤੇ ਜਿਮੰਡ, ਨਿਊਯਾਰਕ ਟਾਈਮਜ਼ ਦੇ ਐਡੀਟਰ ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿਦਰਾਣੇ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਿਹਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ-ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਹਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ। ਗ੍ਰਿਫਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਰਮ ਅਤੇ ਰਾਜਨੀਤੀ ਵਿਚ ਦਖਲ ਦੇਣ ਨੇ ਅੰਗਰੇਜ਼ੀ ਸਰਕਾਰ ਨੂੰ ਬੜੀ ਮੁਸ਼ਕਿਲ ਵਿਚ ਪਾ ਦਿੱਤਾ। ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। ਜੁਲਾਈ, 27 1925 ਨੂੰ ’ਜੈਤੋ ਦੇ ਮੋਰਚਾ’ ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰ ਰਿਪੋਰਟ ਵਿਚ ਲੱਗਭੱਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਜੁਰਮਾਨਾ ਸਿੰਘਾਂ ਵੱਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

## ਵੱਡਾ ਘੱਲੂਘਾਰਾ

(ਸਫਾ 29 ਦੀ ਬਾਕੀ)

ਗਵਰਨਰ ਕਾਬਲੀ ਮੱਲ ਨੂੰ ਸ਼ਰਤਾਂ ਸੁਣਾਈਆਂ। ਅਹਿਮਦ ਸ਼ਾਹ ਨੇ 30,000 ਦੀ ਫੌਜ ਲੈ ਕੇ ਵਾਪਸ ਜਾਣਾ ਸੀ। ਉਹ ਸਰਹਿੰਦ ਵੱਲ ਗਿਆ ਅਤੇ ਵਾਪਸ ਆਉਂਦੇ ਸਮੇਂ ਸਾਰੇ ਮਿਸਲ ਮੁਖੀਆਂ- ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸੁੱਕਰਚੱਕੀਆ, ਭੰਗੀਆਂ, ਜੱਸਾ ਸਿੰਘ ਰਾਮਗੜ੍ਹੀਆ ਅਤੇ ਜੈ ਸਿੰਘ ਕਨ੍ਹਈਆ- ਅਹਿਮਦ ਸ਼ਾਹ ਨੇ ਉਸ ’ਤੇ ਹਮਲਾ ਕੀਤਾ ਗਿਆ ਅਤੇ ਮਹਿਸੂਸ ਕੀਤਾ ਗਿਆ ਕਿ ਉਸ ਦਾ ਅਧਿਕਾਰ ਉਸ ਦੇ ਡੇਰੇ ਵੱਲ ਨਹੀਂ ਸੀ।

ਅਪ੍ਰੈਲ, 1765 ਵਿਚ ਭੰਗੀ ਸਰਦਾਰਾਂ ਨੇ ਲਾਹੌਰ ’ਤੇ ਕਬਜ਼ਾ ਕਰ ਲਿਆ। ਲਹਿਣਾ ਸਿੰਘ ਦੇ ਸੁਹਿਰਦ ਪ੍ਰਸ਼ਾਸਨ ਨੇ ਸਿੱਖਾਂ ਪ੍ਰਤੀ ਲੋਕਾਂ ਦੇ ਦਿਲਾਂ ਨੂੰ ਬਦਲ ਦਿੱਤਾ। ਅਹਿਮਦਸ਼ਾਹ 1766 ਈ: ਵਿਚ 8ਵੀਂ ਵਾਰ ਪੰਜਾਬ ਆਇਆ, ਇਕ ਵਾਰ ਫਿਰ ਸਿੱਖ ਖ਼ਤਰੇ ਨੂੰ ਦੂਰ ਕਰਨ ਲਈ, ਲਾਹੌਰ ਵਿਚ ਉਸ ਨੇ ਸਿੱਖਾਂ ਲਈ ਆਬਾਦੀ ਨੂੰ ਚੰਗੀ ਤਰ੍ਹਾਂ ਸਮਝਿਆ, ਲਹਿਣਾ ਸਿੰਘ ਨੂੰ ਗਵਰਨਰਸ਼ਿਪ ਦੀ ਪੇਸ਼ਕਸ਼ ਕੀਤੀ ਗਈ ਤਾਂ ਹੀ ਨਿਮਰਤਾ ਨਾਲ ਇਨਕਾਰ ਕਰ ਦਿੱਤਾ ਗਿਆ। ਅਹਿਮਦ ਸ਼ਾਹ ਨਿਰਾਸ਼ ਅਤੇ ਉਲਝਣ ਵਿਚ ਸੀ।

ਸਿੱਖ ਉਸ ਨਾਲ ਲੜਨਗੇ ਨਹੀਂ ਅਤੇ ਉਹ ਉਸ ਦੀ ਦੋਸਤੀ ਨੂੰ ਰੱਦ ਕਰਨਗੇ। ਜਨਵਰੀ 1767 ਵਿਚ ਜਹਾਨ ਖਾਨ ਨੇ ਬੜੀ ਬਹਾਦਰੀ ਨਾਲ ਅੰਮ੍ਰਿਤਸਰ ਉੱਤੇ ਹਮਲਾ ਕੀਤਾ ਅਤੇ ਉਸ ਨੂੰ ਬਹੁਤ ਕੁੱਟਿਆ ਗਿਆ। ਇਸ ਹਮਲੇ ਦੌਰਾਨ ਅਹਿਮਦ ਸ਼ਾਹ ਨੇ ਦਿੱਲੀ ਪਹੁੰਚਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਉਸ ਨੂੰ ਨਾ ਜਾਣ ਦਿੱਤਾ। ਉਹ ਉਸ ਦੇ ਉਪਰ ਘੁੰਮਦੇ ਰਹੇ ਅਤੇ ਉਸਨੂੰ ਤੰਗ ਕਰ ਦਿੱਤਾ। ਆਖਿਰ ਉਸ ਨੇ ਹਾਰ ਮੰਨ ਲਈ ਅਤੇ ਵਾਪਸ ਚਲਾ ਗਿਆ।

ਹਿੰਦੋਸਤਾਨ ਵਿਚ ਹੁਣ ਇਕਲੌਤੀ ਸ਼ਕਤੀ ਬਚੀ ਹੈ ਜੋ ਅਹਿਮਦ ਸ਼ਾਹ ਦਾ ਸਹਿਯੋਗੀ ਸੀ, ਨਜੀਬ-ਉਦ-ਦੌਲਾ, ਰੋਹਿਲਾ ਮੁਖੀ, ਜਿਸ ਦੇ ਇਲਾਕਿਆਂ ਵਿਚ ਸਿੱਖਾਂ ਨੇ ਤਬਾਹੀ ਸ਼ੁਰੂ ਕਰ ਦਿੱਤੀ ਸੀ। ਉਸਨੇ ਸ਼ੁਰੂਆਤੀ ਜਿੱਤਾਂ ਪ੍ਰਾਪਤ ਕੀਤੀਆਂ ਸਨ ਪਰ 1768 ਵਿਚ ਹਾਰ ਗਿਆ ਸੀ। ਇਹ ਅਫ਼ਗਾਨ ਸ਼ਾਸਨ ਦਾ ਆਖਰੀ ਗੜ੍ਹ ਸੀ।

ਪੰਜਾਬ ਹੁਣ 800 ਸਾਲਾਂ ਬਾਅਦ ਆਜ਼ਾਦ ਹੋਇਆ, ਅਹਿਮਦ ਸ਼ਾਹ ਨੇ ਦੁਬਾਰਾ ਆਉਣਾ ਸੀ- 1769 ਵਿਚ। ਇਹ ਉਸ ਦੀ ਨੌਵੀਂ ਅਤੇ ਆਖਰੀ ਕੋਸ਼ਿਸ਼ ਸੀ ਪਰ ਇਸ ਵਾਰ ਉਹ ਜੇਹਲਮ ਪਾਰ ਕਰਨ ਵਿਚ ਵੀ ਅਸਮਰੱਥ ਸੀ।

1783 ਵਿਚ ਜੱਸਾ ਸਿੰਘ, ਜਿਸ ਨੇ 40,000 ਘੋੜਿਆਂ ਨਾਲ ਦਿੱਲੀ ਅਤੇ ਚੌਗਿਰਦੇ ’ਤੇ ਹਮਲਾ ਕੀਤਾ, ਇਸ ਗੱਲ ਨੂੰ ਸਾਬਤ ਕਰਨ ਲਈ, ਦਿੱਲੀ ਦੀ ਗੱਦੀ ’ਤੇ ਬੈਠ ਗਿਆ। ਪੰਜਾਬ ਦੀ ਰੱਖਿਆ, ਭਾਰਤ ਦੇ ਪ੍ਰਵੇਸ਼ ਦੁਆਰ ਅਤੇ ਮੁਗਲਾਂ ਦੀ ਅਧੀਨਗੀ ਦੇ ਨਾਲ, ਜੱਸਾ ਸਿੰਘ ਆਹਲੂਵਾਲੀਆ ਅਤੇ ਸਿੱਖ ਸਰਦਾਰਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਾਈ ਅਤੇ ਹਿੰਦੂ ਅਤੇ ਸਿੱਖ ਸਭਿਆਚਾਰ ਅਤੇ ਧਰਮ ਦੀ ਰੱਖਿਆ ਨੂੰ ਯਕੀਨੀ ਬਣਾਇਆ ਅਤੇ ਇਹ ਭਾਰਤ ਲਈ ਉਹਨਾਂ ਦਾ ਸਭ ਤੋਂ ਵੱਡਾ ਯੋਗਦਾਨ ਸੀ।

# ਐੱਨਸੀਏਆਈਏ ਅਤੇ ਸਿੱਖਸ ਆਫ ਅਮੈਰਿਕਾ ਨੇ ਲਤਾ ਮੰਗੇਸ਼ਕਰ ਦੀ ਯਾਦ ’ਚ ਕਰਵਾਇਆ ‘ਵਰਚੂਅਲ ਈਵੈਂਟ’

**ਵਾਸ਼ਿੰਗਟਨ (ਰਾਜ ਗੋਗਨਾ)**—ਭਾਰਤ ਰਤਨ ਪੁਰਸਕਾਰ ਨਾਲ ਸਨਮਾਨਿਤ ਭਾਰਤ ਦੀ ਉੱਚ ਦਰਜੇ ਦੀ ਵਿਸ਼ਵ ਪ੍ਰਸਿੱਧ ਕਲਵਾਨ ਗਾਇਕਾ ਲਤਾ ਮੰਗੇਸ਼ਕਰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਨਾਂ ਦੀ ਯਾਦ ਵਿਚ ਐੱਨਸੀਏਆਈ ਅਤੇ ਸਿੱਖਸ ਆਫ ਅਮੈਰਿਕਾ ਵਲੋਂ ਇਕ ‘ਵਰਚੂਅਲ ਈਵੈਂਟ’ ਕਰਵਾਇਆ ਗਿਆ। ਇਸ ਆਨਲਾਈਨ ਸਮਾਗਮ ਦੀ ਸ਼ੁਰੂਆਤ ਵਿਚ ਐੱਨਸੀਏਆਈਏ ਦੇ ਪ੍ਰਧਾਨ ਸ੍ਰ। ਬਲਜਿੰਦਰ ਸ਼ੰਮੀ ਸਿੰਘ ਨੇ ਸਭ ਦਾ ਸਵਾਗਤ ਕਰਦਿਆਂ ਸਮਾਗਮ ਵਿਚ ਸ਼ਾਮਿਲ ਹੋਣ ਲਈ ਸਭ ਨੂੰ ਜੀ ਆਇਆਂ ਕਿਹਾ ਅਤੇ ਸਮਾਗਮ ਵਿਚ ਸ਼ਾਮਿਲ ਹੋਣ ਵਾਲੇ ਮੁੱਖ ਮਹਿਮਾਨਾਂ ਦੀ ਜਾਣ ਪਛਾਣ ਕਰਵਾਈ। ਇਸ ਈਵੈਂਟ ਦੌਰਾਨ ਅਸ਼ਵਿਨ ਹਜ਼ਾਰਿਕਾ, ਅੰਜਾਨਾ ਬੋਰਡੋਲੋਏ, ਅਰੁੰਦਿਤੀ ਗੋਸਵਾਮੀ, ਰਾਬਿਨ ਗੋਸਵਾਮੀ, ਰਮਾ ਸ਼ਰਮਾ ਅਤੇ ਸਵਾਤੀ ਪਟਵਰਧਨ ਆਦਿ ਕਲਾਕਾਰਾਂ ਵਲੋਂ ਲਤਾ ਮੰਗੇਸ਼ਕਰ ਦੇ ਯਾਦਗਾਰੀ ਗੀਤ ਗਾ ਕੇ ਸੁਣਾਏ ਗਏ। ਇਸ ਦੌਰਾਨ ਰਾਜੀਵ ਪੌਲ ਨੇ ਐਂਕਰ ਦੀ ਭੂਮਿਕਾ ਬਾਖੂਬੀ ਨਿਭਾਈ।


ਇਸ ਦੌਰਾਨ ਭਾਰਤੀ ਅੰਬੈਸੀ ਵਾਸ਼ਿੰਗਟਨ ਡੀਸੀ ਤੋਂ ਐਜੂਕੇਸ਼ਨ ਐਂਡ ਕਮਿਉਨਿਟੀ ਅਫੇਅਰਸ ਮਨਿਸਟਰ ਅੰਸ਼ੁਲ ਸ਼ਰਮਾ, ਪ੍ਰਸਿੱਧ ਲੇਖਕ ਅਤੇ ਕਵੀ ਅਬਦੁੱਲਾ ਅਬਦੁੱਲਾ, ਜਸਦੀਪ ਸਿੰਘ ਜੈਸੀ ਚੇਅਰਮੈਨ ਸਿੱਖਸ ਆਫ ਅਮੈਰਿਕਾ ਅਤੇ ਗਵਰਨਰ ਆਫਿਸ ਤੋਂ ਕ੍ਰਿਸਟੀਨਾ ਪੋਏ ਨੇ ਲਤਾ ਮੰਗੇਸ਼ਕਰ ਨੂੰ ਸ਼ਰਧਾਂਜਲੀਆਂ ਦਿੱਤੀਆਂ। ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੈਸੀ ਨੇ ਕਿਹਾ ਕਿ ਲਤਾ ਮੰਗੇਸ਼ਕਰ ਭਾਰਤੀਆਂ ਦਾ ਮਾਣ ਸਨ ਜਿਨਾਂ ਨੇ ਆਪਣੀ ਆਵਾਜ਼ ਨਾਲ ਅਮਰ ਗੀਤ ਭਾਰਤੀ ਸੰਗੀਤ ਜਗਤ ਦੀ ਝੋਲੀ ਪਾਏ। ਉਨਾਂ ਕਿਹਾ ਕਿ ਭਾਵੇਂ ਲਤਾ ਜੀ ਸਾਡੇ ਵਿਚਕਾਰ ਨਹੀਂ ਰਹੇ ਪਰ ਉਨਾਂ ਦੀ ਅਵਾਜ਼ ਰਹਿੰਦੀ ਦੁਨੀਆਂ ਤੱਕ ਗੂੰਜਦੀ ਰਹੇਗੀ। ਇਸ ਵਰ-ਚੂਅਲ ਈਵੈਂਟ ਵਿਚ ਐੱਨ।ਸੀ।ਏ।ਆਈ।ਏ ਅਤੇ ਸਿੱਖਸ ਆਫ ਅਮੈਰਿਕਾ ਦੇ ਮੈਂਬਰਾਂ ਡਾ।ਸੁਰੇਸ਼ ਗੁਪਤਾ, ਦੇਵੰਗ ਸ਼ਾਹ, ਅੰਨ-ਜਨਾ ਬੋਰਡੋਲੋਏ, ਰਮਾ ਸ਼ਰਮਾ, ਡਾ। ਰੇਣੂਕਾ ਮਿਸਰਾ, ਨਗੇਂਦਰ ਮਾਧਵਰਾਮ, ਪਿੰਕੀ ਪਾਠਕ, ਮਾਈਕ ਗਾਊਸ, ਗੁਰਚਰਨ ਸਿੰਘ, ਅਰੁੰਦਿਤੀ ਗੋਸਵਾਮੀ, ਰੈਬਿਨ ਸਵਾਮੀ, ਗੁਰਵਿੰਦਰ ਸੇਠੀ, ਕੰਵਲਜੀਤ ਸਿੰਘ ਸੋਨੀ ਅਤੇ ਅਲਪਨਾ ਬਰੂਆ ਨੇ ਵੀ ਸਮਾਗਮ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਲਗਵਾਈ ਐੱਨਸੀਏਆਈਏ ਦੇ ਚੇਅਰਮੈਨ ਪਵਨ ਬੇਜਵਾਡਾ ਨੇ ਸਮਾਗਮ ਸਬੰਧੀ ਵਿਸ਼ੇਸ ਤੌਰ ’ਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਅੰਤ ਵਿਚ ਉਹਨਾਂ ਵਿਛੜੀ ਰੂਹ ਤੇ ਦੁਨੀਆਂ ਦੀ ਮਹਾਨ ਗਾਇਕਾ ਲਤਾ ਮੰਗੇਸ਼ਕਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਇਸ ਵਰਚੂਅਲ ਈਵੈਂਟ ਵਿਚ ਭਾਗ ਲੈਣ ਵਾਲੇ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਤਾ ਮੰਗੇਸ਼ਕਰ ਗਾਇਕੀ ਦਾ ਇਕ ਯੁੱਗ ਸੀ ਤੇ ਅਸੀਂ ਨਿਰਾਸ਼ ਹਾਂ ਕਿ ਉਸ ਯੁੱਗ ਦਾ ਅੰਤ ਹੋ ਗਿਆ ਹੈ। ਇੱਥੇ ਦੱਸਣਯੋਗ ਹੈ ਕਿ ਇਸ ਵਰਚੂਅਲ ਈਵੈਂਟ ਨੂੰ ਇੰਡੀਆ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੇ ਲੌਗਇਨ ਕਰਕੇ ਭਾਗ ਲਿਆ।











# ਪੰਜਾਬ ਵਿੱਚ ਰਜਿਸਟਰਡ ਕੁੱਲ 21499804 ਵੋਟਰਾਂ ਵਿੱਚੋਂ 15469618 ਵੋਟਰਾਂ ਨੇ ਅਪਣੇ ਵੋਟ ਦੀ ਵਰਤੋਂ ਕੀਤੀ


ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਲੋਕਤੰਤਰ ਵਿੱਚ ਸਭ ਤੋਂ ਵੱਧ ਤਾਕਤ ਵੋਟਰਾਂ ਪਾਸ ਹੀ ਹੁੰਦੀ ਹੈ ਕਿਉਂਕਿ ਵੋਟਰ ਹੀ ਅਪਣੀ ਮਰਜੀ ਦੇ ਨੇਤਾਵਾਂ ਨੂੰ ਚਣਕੇ ਸਰਕਾਰ ਬਣਾਂਦੇ ਹਨ। ਇਸਨੂੰ ਸਾਡੇ ਦੇਸ਼ ਦੀ ਮਾੜ੍ਹੀ ਕਿਸਮਤ ਹੀ ਕਿਹਾ ਜਾਵੇਗਾ ਕਿ ਦੇਸ਼ ਨੂੰ ਚਲਾਉਣ ਵਾਲੀਆਂ ਸਰਕਾਰਾਂ ਦਾ ਫੈਸਲਾ ਬਹੁਤੇ ਅਨਪੜ੍ਹ ਲੋਕ ਹੀ ਆਪਣੀਆਂ ਵੋਟਾਂ ਰਾਹੀ ਕਰਦੇ ਹਨ ਜਦਕਿ ਜ਼ਿਆਦਾਤਰ ਪੜ੍ਹਿਆਂ ਲਿਖਿਆਂ ਵਰਗ ਵੋਟਾਂ ਪਾਉਣ ਵਿੱਚ ਫਾਡੀ ਹੀ ਰਹਿੰਦਾ ਹੈ ਜਿਸ ਕਾਰਨ ਕਈ ਵਾਰ ਘਟੀਆਂ ਕਿਸਮ ਦੇ ਉਮੀਦਵਾਰ ਚੋਣਾਂ ਜਿੱਤ ਜਾਂਦੇ ਹਨ ਅਤੇ ਦੇਸ਼ ਨੂੰ ਖੋਰਾ ਲਗਾਉਂਦੇ ਹਨ। ਇਸਦਾ ਪਤਾ ਪੰਜਾਬ ਵਿੱਚ 20 ਫਰਵਰੀ 2022 ਨੂੰ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਵੀ ਲੱਗਦਾ ਹੈ। ਪੰਜਾਬ ਵਿੱਚ 20 ਫਰਵਰੀ ਨੂੰ ਪਈਆਂ ਵੋਟਾਂ ਵਿੱਚ ਲੱਗਭੱਗ 71.95 ਫਿਸਦੀ ਵੋਟਰਾਂ ਨੇ ਅਪਣੇ ਇਸ ਅਧਿਕਾਰ ਦੀ ਵਰਤੋਂ ਕੀਤੀ ਹੈ। ਪੰਜਾਬ ਵਿੱਚ ਕੁੱਝ ਛੋਟੀਆਂ ਮੋਟੀਆਂ ਘਟਨਾਵਾਂ ਤੋਂ ਛੁੱਟ ਅਮਨ ਸ਼ਾਂਤੀ ਨਾਲ ਨਪੇਰੇ ਚੜ੍ਹੀਆਂ ਚੋਣਾਂ ਨੂੰ ਲੈਕੇ ਬੇਸ਼ੱਕ ਸਮੂਹ ਰਾਜਨੀਤਿਕ ਪਾਰਟੀਆਂ ਅਤੇ ਚੋਣ ਆਯੋਗ ਖੁਸ਼ ਹਨ ਪਰੰਤੂ ਦੇਸ਼ ਦੇ ਵਿਕਸਿਤ ਸੂਬਿਆਂ ਵਿੱਚ ਗਿਣਿਆ ਜਾਣ ਵਾਲਾ ਸੂਬਾ ਪੰਜਾਬ ਵੋਟਾਂ ਪਾਣ ਵਿੱਚ ਹੋਰ ਕਈ ਸੂਬਿਆਂ ਨਾਲੋਂ ਅਜੇ ਤੱਕ ਪਿੱਛੇ ਹੈ। ਇਸਤੋਂ ਵੀ ਵੱਡੀ ਦੁੱਖ ਦੀ ਗੱਲ ਹੈ ਕਿ ਪੜ੍ਹੇ ਲਿਖੇ ਵੋਟਰਾਂ ਵਿੱਚ ਵੋਟਾਂ ਨੂੰ ਲੈਕੇ ਬਹੁਤਾ ਰੁਝਾਨ ਵੇਖਣ ਨੂੰ ਨਹੀਂ ਮਿਲਿਆ ਹੈ। ਜੇਕਰ ਵਿਸਥਾਰ ਨਾਲ ਵੇਖੀਏ ਤਾਂ ਸਾਲ 2011 ਵਿੱਚ ਹੋਈ ਜਨਗਣਨਾ ਅਨੁਸਾਰ 76.7 ਫਿਸਦੀ ਸਾਖਰਤਾ ਵਾਲੇ ਸੂਬੇ ਵਿੱਚ 71.95 ਫਿਸਦੀ ਵੋਟਾਂ ਪੈਣਾ ਬਹੁਤੀ ਖੁਸ਼ੀ ਦੀ ਗੱਲ ਨਹੀਂ ਹੈ। ਸਾਲ 2011 ਵਿੱਚ ਹੋਈ ਜਨਗਣਨਾ ਵਿੱਚ ਪੰਜਾਬ ਵਿੱਚ ਕੁੱਲ 20 ਜ਼ਿਲ੍ਹੇ ਸਨ ਅਤੇ 117 ਵਿਧਾਨ ਸਭਾ ਹਲਕੇ ਸਨ। ਸਾਲ 2011 ਵਿੱਚ ਹੋਈ ਜਨਗਣਨਾ ਤੋਂ ਬਾਦ 2012, 2017 ਅਤੇ 2022 ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ ਜਦਕਿ 2014 ਅਤੇ 2019 ਵਿੱਚ ਲੋਕ ਸਭਾ ਦੀਆਂ ਚੋਣਾਂ ਲਈ ਵੋਟਾਂ ਪਈਆਂ ਹਨ। 2012 ਵਿੱਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਦੇ ਲੱਗਭੱਗ 78.3 ਫਿਸਦੀ ਵੋਟਰਾਂ ਨੇ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਵਿਧਾਨ ਸਭਾ ਮੈਂਬਰਾਂ ਜਿਨ੍ਹਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ 12, ਸ਼੍ਰੋਮਣੀ ਅਕਾਲੀ ਦੱਲ ਦੇ 56 ਅਤੇ ਕਾਂਗਰਸ ਪਾਰਟੀ ਦੇ 46 ਅਤੇ 3 ਅਜਾਦ ਵਿਧਾਇਕ ਸ਼ਾਮਿਲ ਸਨ ਦੀ ਚੋਣ ਕੀਤੀ ਸੀ। 2014 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਲਈ ਲੱਗਭੱਗ 70.65 ਫਿਸਦੀ ਵੋਟਰਾਂ ਨੇ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ 13 ਲੋਕ ਸਭਾ ਮੈਂਬਰਾਂ ਆਮ ਆਦਮੀ ਪਾਰਟੀ ਦੇ 4, ਭਾਰਤੀ ਜਨਤਾ ਪਾਰਟੀ ਦੇ 2, ਸ਼੍ਰੋਮਣੀ ਅਕਾਲੀ ਦੱਲ ਦੇ 4 ਅਤੇ ਕਾਂਗਰਸ ਪਾਰਟੀ ਦੇ 3 ਲੋਕ ਸਭਾ ਸ਼ਾਮਿਲ ਸਨ ਦੀ ਚੋਣ ਕੀਤੀ ਸੀ। 2017 ਵਿੱਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਦੇ ਲੱਗਭੱਗ 77.2 ਫਿਸਦੀ ਵੋਟਰਾਂ ਨੇ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ 117 ਵਿਧਾਨ ਸਭਾ ਮੈਂਬਰਾਂ ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੇ 20, ਭਾਰਤੀ ਜਨਤਾ ਪਾਰਟੀ ਦੇ 3, ਸ਼੍ਰੋਮਣੀ ਅਕਾਲੀ ਦੱਲ ਦੇ 15, ਲੋਕ ਇਨਸਾਫ ਪਾਰਟੀ ਦੇ 2 ਅਤੇ ਕਾਂਗਰਸ ਪਾਰਟੀ ਦੇ 77 ਵਿਧਾਇਕ ਸ਼ਾਮਿਲ ਸਨ ਦੀ ਚੋਣ ਕੀਤੀ ਸੀ। 2019 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਲਈ ਲੱਗਭੱਗ 65.94 ਫਿਸਦੀ ਵੋਟਰਾਂ ਨੇ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ 13 ਲੋਕ ਸਭਾ ਮੈਂਬਰਾਂ ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਦਾ 01, ਭਾਰਤੀ ਜਨਤਾ ਪਾਰਟੀ ਦੇ 02, ਸ਼੍ਰੋਮਣੀ ਅਕਾਲੀ ਦੱਲ ਦੇ 02 ਅਤੇ ਕਾਂਗਰਸ ਪਾਰਟੀ ਦੇ 08 ਲੋਕ ਸਭਾ ਮੈਂਬਰ ਸ਼ਾਮਿਲ ਸਨ ਦੀ ਚੋਣ ਕੀਤੀ ਸੀ। 20 ਫਰਵਰੀ 2022 ਨੂੰ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਪੰਜਾਬ ਦੇ ਵੱਖ ਵੱਖ 23 ਜ਼ਿਲ੍ਹਿਆਂ ਦੇ ਅੰਕੜੇ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਰਜਿਸਟਰਡ ਕੁੱਲ 21499804 ਵੋਟਰਾਂ ਵਿੱਚੋਂ 15469618 ਵੋਟਰਾਂ ਨੇ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਹੈ ਅਤੇ ਲੱਗਭੱਗ 6030186 ਵੋਟਰਾਂ ਨੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਨਹੀਂ ਲਿਆ ਹੈ। ਜੇਕਰ ਇਨ੍ਹਾਂ ਚੋਣਾਂ ਵਿੱਚ ਪਈਆਂ ਵੋਟਾਂ ਦੇ ਵੱਖ ਵੱਖ ਜਿਲ੍ਹਿਆਂ ਦੇ ਅੰਕੜੇ ਵੇਖੀਏ ਤਾਂ ਸਾਖਰਤਾ ਦਰ ਵੱਧ ਹੋਣ ਦੇ ਬਾਬਜੂਦ 14 ਜਿਲ੍ਹਿਆਂ ਦੇ ਵੋਟਰਾਂ ਨੇ ਘੱਟ ਵੋਟਾਂ ਪਾਈਆਂ ਹਨ। ਇਨ੍ਹਾਂ ਵਿੱਚੋਂ ਅਮ੍ਰਿਤਸਰ ਜ਼ਿਲ੍ਹੇ ਦੀ ਸਾਖਰਤਾ ਦਰ 77.2 ਫੀਸਦੀ ਹੈ ਪਰ ਇਸ ਵਿੱਚ ਪੈਂਦੇ 11 ਵਿਧਾਨ ਸਭਾ ਹਲਕਿਆਂ ਵਿੱਚ 62.25 ਫੀਸਦੀ ਪੰਜਾਬ ਵਿੱਚ ਸਭ ਤੋਂ ਘੱਟ ਵੋਟਾਂ ਪਈਆਂ ਹਨ। ਇਸ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਅਮ੍ਰਿਤਸਰ ਪੱਛਮੀ ਵਿੱਚ ਸਭ ਤੋਂ ਘੱਟ ਵੋਟਾਂ ਪਈਆਂ ਹਨ ਅਤੇ ਸਿਰਫ 55.40 ਫੀਸਦੀ ਵੋਟਰਾਂ ਨੇ ਹੀ ਇਨ੍ਹਾਂ ਚੋਣਾਂ ਵਿੱਚ ਹਿੱਸਾ ਲਿਆ ਹੈ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ 73.43 ਫੀਸਦੀ ਵੋਟਾਂ ਪਈਆਂ ਹਨ। ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 07 ਵਿਧਾਨ ਸਭਾ ਹਲਕਿਆਂ ਵਿੱਚ ਸਿਰਫ 70.62 ਫੀਸਦੀ ਵੋਟਾਂ ਪਈਆਂ ਹਨ। ਗੁਰਦਾਸਪੁਰ ਜ਼ਿਲ੍ਹੇ ਦਾ ਹੀ ਹਿੱਸਾ ਰਹੇ ਅਤੇ ਨਵੇਂ ਬਣਾਏ ਗਏ ਪਠਾਨਕੋਟ ਜ਼ਿਲ੍ਹੇ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ ਸਿਰਫ 70.86 ਫੀਸਦੀ ਵੋਟਾਂ ਪਈਆਂ ਹਨ। ਸਭ ਤੋਂ ਵੱਧ ਸਾਖਰਤਾ ਵਾਲ ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਖਰਤਾ ਦਰ 85.4 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 07 ਵਿਧਾਨ ਸਭਾ ਹਲਕਿਆਂ ਵਿੱਚ 66.93 ਫੀਸਦੀ ਵੋਟਾਂ ਪਈਆਂ ਹਨ। ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 09 ਵਿਧਾਨ ਸਭਾ ਹਲਕਿਆਂ ਵਿੱਚ 64.29 ਫੀਸਦੀ ਵੋਟਾਂ ਪਈਆਂ ਹਨ। ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 04 ਵਿਧਾਨ ਸਭਾ ਹਲਕਿਆਂ ਵਿੱਚ 67.87 ਫੀਸਦੀ ਵੋਟਾਂ ਪਈਆਂ ਹਨ। ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.7 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 14 ਵਿਧਾਨ ਸਭਾ ਹਲਕਿਆਂ ਵਿੱਚ ਸਿਰਫ 65.68 ਫੀਸਦੀ ਵੋਟਾਂ ਪਈਆਂ ਹਨ। ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 66.6 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 04 ਵਿਧਾਨ ਸਭਾ ਹਲਕਿਆਂ ਵਿੱਚ ਪੰਜਾਬ ਵਿੱਚ ਸਭ ਤੋਂ ਵੱਧ 78.47 ਫੀਸਦੀ ਵੋਟਾਂ ਪਈਆਂ ਹਨ।

ਇਸ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਗਿਦੜਬਾਹਾ ਵਿੱਚ ਸਭ ਤੋਂ ਵੱਧ ਵੋਟਾਂ ਪਈਆਂ ਹਨ ਅਤੇ 84.93 ਫੀਸਦੀ ਵੋਟਰਾਂ ਨੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਲਿਆ ਹੈ। ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 04 ਵਿਧਾਨ ਸਭਾ ਹਲਕਿਆਂ ਵਿੱਚ 66.86 ਫੀਸਦੀ ਵੋਟਾਂ ਪਈਆਂ ਹਨ। ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਹੈ ਅਤੇ ਇਸ ਵਿੱਚ ਪੈਂਦੇ 04 ਵਿਧਾਨ ਸਭਾ ਹਲਕਿਆਂ ਵਿੱਚ 67.43 ਫੀਸਦੀ ਵੋਟਾਂ ਪਈਆਂ ਹਨ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ ਸਿਰਫ 62.41 ਫੀਸਦੀ ਵੋਟਾਂ ਪਈਆਂ ਹਨ। ਸ਼ਹੀਦ ਭਗਤ ਸਿੰਘ ਨਗਰ ਨਵਾਂਸ਼ਹਿਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ 70.74 ਫੀਸਦੀ ਵੋਟਾਂ ਪਈਆਂ ਹਨ। ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 08 ਵਿਧਾਨ ਸਭਾ ਹਲਕਿਆਂ ਵਿੱਚ 70.00 ਫੀਸਦੀ ਵੋਟਾਂ ਪਈਆਂ ਹਨ। ਰੂਪਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ ਸਿਰਫ 70.48 ਫੀਸਦੀ ਵੋਟਾਂ ਪਈਆਂ ਹਨ। ਕਈ ਜ਼ਿਲ੍ਹਿਆਂ ਦੀ ਸਾਖਰਤਾ ਦਰ ਘੱਟ ਹੋਣ ਦੇ ਬਾਬਜੂਦ ਵੀ ਵੋਟਰਾਂ ਨੇ ਵੱਧ ਰੁਚੀ ਵਿਖਾਈ ਹੈ। ਇਨ੍ਹਾਂ ਵਿੱਚ ਸਭ ਤੋਂ ਘੱਟ ਸਾਖਰ ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ 77.21 ਫੀਸਦੀ ਵੋਟਾਂ ਪਈਆਂ ਹਨ। ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ 73.75 ਫੀਸਦੀ ਵੋਟਾਂ ਪਈਆਂ ਹਨ। ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.6 ਹੈ ਅਤੇ ਇਸ ਵਿੱਚ ਪੈਂਦੇ 06 ਵਿਧਾਨ ਸਭਾ ਹਲਕਿਆਂ ਵਿੱਚ 76.31 ਫੀਸਦੀ ਵੋਟਾਂ ਪਈਆਂ ਹਨ। ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 03 ਵਿਧਾਨ ਸਭਾ ਹਲਕਿਆਂ ਵਿੱਚ 75.86 ਫੀਸਦੀ ਵੋਟਾਂ ਪਈਆਂ ਹਨ। ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 04 ਵਿਧਾਨ ਸਭਾ ਹਲਕਿਆਂ ਵਿੱਚ 75.56 ਫੀਸਦੀ ਵੋਟਾਂ ਪਈਆਂ ਹਨ। ਫਿਰੋਜ਼ਪੁਰ ਜ਼ਿਲ੍ਹੇ ਦਾ ਹੀ ਹਿੱਸਾ ਰਹੇ ਅਤੇ ਨਵੇਂ ਬਣਾਏ ਗਏ ਫਾਜਿਲਕਾ ਜ਼ਿਲ੍ਹੇ ਵਿੱਚ ਪੈਂਦੇ 04 ਵਿਧਾਨ ਸਭਾ ਹਲਕਿਆਂ ਵਿੱਚ 76.59 ਫੀਸਦੀ ਵੋਟਾਂ ਪਈਆਂ ਹਨ। ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ ਅਤੇ ਇਸ ਵਿੱਚ ਪੈਂਦੇ 05 ਵਿਧਾਨ ਸਭਾ ਹਲਕਿਆਂ ਵਿੱਚ 75.27 ਫੀਸਦੀ ਵੋਟਾਂ ਪਈਆਂ ਹਨ। ਸੰਗਰੂਰ ਜ਼ਿਲ੍ਹੇ ਦਾ ਹੀ ਹਿੱਸਾ ਰਹੇ ਅਤੇ ਨਵੇਂ ਬਣਾਏ ਗਏ ਮਲੇਰਕੋਟਲਾ ਜ਼ਿਲ੍ਹੇ ਵਿੱਚ ਪੈਂਦੇ 02 ਵਿਧਾਨ ਸਭਾ ਹਲਕਿਆਂ ਵਿੱਚ 78.14 ਫੀਸਦੀ ਵੋਟਾਂ ਪਈਆਂ ਹਨ। ਇਹਨਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜਿਹਨਾਂ ਜ਼ਿਲ੍ਹਿਆਂ ਅਮ੍ਰਿਤਸਰ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੁਕਤਸਰ, ਤਰਨਤਾਰਨ ਆਦਿ ਵਿੱਚ ਸਾਖਰਤਾ ਦਰ ਜ਼ਿਆਦਾ ਹੈ ਉਥੇ ਵੋਟਾਂ ਘੱਟ ਪਈਆਂ ਹਨ ਅਤੇ ਕਈ ਜ਼ਿਲ੍ਹਿਆਂ ਬਰਨਾਲਾ, ਬਠਿੰਡਾ, ਫਰੀਦਕੋਟ, ਫਾਜਿਲਕਾ, ਫਿਰੋਜਪੁਰ, ਮਾਨਸਾ, ਮੋਗਾ, ਮੋਹਾਲੀ, ਨਵਾਂ ਸ਼ਹਿਰ, ਪਟਿਆਲਾ, ਰੂਪਨਗਰ, ਸੰਗਰੂਰ, ਮਲੇਰਕੋਟਲਾ ਆਦਿ ਵਿੱਚ ਸਾਖਰਤਾ ਦਰ ਘੱਟ ਹੋਣ ਦੇ ਬਾਬਜੂਦ ਵੀ ਵੋਟਰਾਂ ਨੇ ਦਿਲਚਸਪੀ ਵਿਖਾਈ ਹੈ ਅਤੇ ਉਥੇ ਜ਼ਿਆਦਾ ਵੋਟਾਂ ਪਈਆਂ ਹਨ। ਇਹ ਵੀ ਵੇਖਣ ਨੂੰ ਨਜਰ ਆਂਦਾ ਹੈ ਕਿ ਕਈ ਰਾਜਨੀਤਿਕ ਪਾਰਟੀਆਂ ਅਨਪੜ੍ਹ ਵੋਟਰਾਂ ਨੂੰ ਸ਼ਰਾਬ ਦੀ ਬੋਤਲ, ਕੰਬਲ ਅਤੇ ਪੈਸਿਆਂ ਦਾ ਲਾਲਚ ਦੇ ਕੇ ਵੋਟਾਂ ਪਵਾ ਲੈਂਦੀਆਂ ਹਨ ਜਦਕਿ ਪੜ੍ਹਿਆਂ ਲਿਖਿਆ ਵਰਗ ਰਾਜਨੀਤਿਕਾਂ ਦੇ ਇਹਨਾਂ ਝਾਂਸਿਆ ਵਿੱਚ ਨਹੀਂ ਆਉਂਦਾ ਹੈ ਅਤੇ ਆਪਣੀ ਵੋਟ ਦਾ ਇਸਤੇਮਾਲ ਵੀ ਨਹੀਂ ਕਰਦਾ ਹੈ। ਪੜ੍ਹੇ ਲਿਖੇ ਵਰਗ ਦੁਆਰਾ ਆਪਣੀ ਵੋਟ ਨਾ ਪਾ ਕੇ ਭਾਰੀ ਗਲਤੀ ਕੀਤੀ ਜਾਂਦੀ ਹੈ ਜਿਸ ਕਾਰਨ ਵਿਕਾਊ ਵੋਟਰਾਂ ਦੀਆਂ ਵੋਟਾਂ ਨਾਲ ਕਈ ਗਲਤ ਵਿਅਕਤੀ ਚੋਣਾਂ ਜਿੱਤ ਕੇ ਸਰਕਾਰ ਵਿੱਚ ਆ ਜਾਂਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹੋਏ ਸਮਾਜ ਵਿਰੋਧੀ ਵਿਅਕਤੀਆਂ ਦੇ ਕੰਮਾਂ ਨੂੰ ਉਤਸ਼ਾਹਿਤ ਕਰਦੇ ਹਨ।

ਪੜ੍ਹੇ ਲਿਖੇ ਲੋਕਾਂ ਨੂੰ ਆਪਣੀ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ ਤਾਂ ਜੋ ਸਹੀ ਅਤੇ ਇਮਾਨਦਾਰ ਉਮੀਦਵਾਰ ਦੀ ਚੋਣ ਕੀਤੀ ਜਾ ਸਕੇ ਅਤੇ ਮਾੜ੍ਹੇ ਵਿਅਕਤੀਆਂ ਨੂੰ ਵਿਧਾਨ ਸਭਾਵਾਂ ਅਤੇ ਲੋਕ ਸਭਾਵਾਂ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਸਰਕਾਰ ਅਤੇ ਚੋਣ ਆਯੋਗ ਨੂੰ ਵੀ ਵੋਟ ਪਾਉਣਾ ਹਰ ਯੋਗ ਵੋਟਰ ਲਈ ਜ਼ਰੂਰੀ ਕਰਨਾ ਚਾਹੀਦਾ ਹੈ ਤਾਂ ਜੋ ਲੋਕਤੰਤਰ ਦੀ ਮਹੱਤਤਾ ਕਾਇਮ ਰਹਿ ਸਕੇ।



ਕੁਲਦੀਪ ਚੰਦ
91-9417563054




# ਸੰਘਰਸ਼ ਅਤੇ ਦ੍ਰਿੜਤਾ ਦਾ ਸੁਮੇਲ ਹੈ - ਗਾਇਕ ਵਿਸ਼ਵਜੀਤ

ਪੰਜਾਬੀ ਗਾਇਕੀ ਦੇ ਇਸ ਤਿਲਕਣੇ ਖੇਤਰ ਚ ਉਹੀ ਕਾਮਯਾਬੀ ਦੀਆਂ ਬਰੂਹਾਂ ਤੇ ਢੁੱਕਦੇ ਨੇ, ਜਿਹੜੇ ਮਿਹਨਤ ਦਾ ਪੱਲਾ ਫੜਕੇ ਦ੍ਰਿੜ ਇਰਾਦੇ ਨਾਲ ਉਸਤਾਦ ਦੀਆਂ ਮਿੱਠੀਆਂ ਝਿੜਕਾਂ ਨੂੰ ਸਹਾਰਕੇ ਹਾਲਾਤਾਂ ਨਾਲ ਜੂੰਝਣ ਦੀ ਹਿੰਮਤ ਰੱਖਕੇ ਸੰਘਰਸ਼ ਕਰਦੇ ਹਨ।ਉਹਨਾਂ ਹੀ ਸੰਘਰਸ਼ਸ਼ੀਲ ਗਾਇਕਾਂ ਚੋਂ ਹੈ-ਮਾਸਟਰ ਜਸਵੀਰ ਸਿੰਘ ਉਰਫ ਵਿਸ਼ਵਜੀਤ ।

ਪੰਜਾਬੀ ਸਰੋਤਿਆਂ ਦੇ ਦਿਲਾਂ ਚ ਆਪਣੀ ਨਿਵੇਕਲੀ ਸ਼ਾਖ ਕਾਇਮ ਕਰਨ ਵਾਲੇ ਇਸ ਗਾਇਕ ਵਿਸ਼ਵਜੀਤ ਨੇ ਸ਼ਹੀਦਾਂ ਦੀ ਧਰਤੀ ਜਿਲ੍ਹਾ ਫਤਿਹਗੜ੍ਹ ਦੀ ਪੱਛਮੀ ਵੱਖੀ ਚ ਘੁੱਗ ਵਸਦੇ ਪਿੰਡ ਬਾਗੜੀਆਂ ਵਿੱਚ ਜਨਮ ਲਿਆ। ਉਸਨੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖੋਂ 26/12/1972 ਨੂੰ ਪਿਤਾ ਸ੍ਰ ਮੱਘਰ ਸਿੰਘ ਦੇ ਵਿਹੜੇ ਚ ਸੰਗੀਤ ਭਰੀ ਪਹਿਲੀ ਕਿਲਕਾਰੀ ਮਾਰੀ ।ਗਰੀਬ ਪਰਿਵਾਰ ਚੋਂ ਪਿਤਾ ਨੇ ਅੱਖਰ ਗਿਆਨ ਲਈ ਸਕੂਲੇ ਪੜਨੇ ਪਾਇਆ ਤਾਂ ਸਕੂਲ ਦੀਆਂ ਮਹਿਫਲਾਂ ਚ ਕਵਿਤਾਵਾਂ ਅਤੇ ਗੀਤਾਂ ਰਾਹੀ ਆਪਣੀ ਤੋਤਲੀ ਆਵਾਜ਼ ਦਾ ਜਾਦੂ ਵਿਖੇਰਦਾ ਰਿਹਾ।ਈ ਟੀ ਟੀ ਕਰਕੇ ਸਿੱਖਿਆ ਵਿਭਾਗ ਪੰਜਾਬ ਚ ਅਧਿਆਪਨ ਕਿੱਤੇ ਨਾਲ ਜੁੜੇ ਵਿਸ਼ਵਜੀਤ ਨੂੰ ਗਿਆਰਵੀਂ ਚ ਪੜ੍ਹਦਿਆਂ ਐਨ ਐਸ ਐਸ ਕੈਂਪ ਚ ਗਾਉਂਦਿਆਂ ਸੁਣ ਅਮਰਜੀਤ ਸਿੰਘ ਸਿੱਖਿਆ ਅਧਿਆਪਕ ਨੇ ਗਾਇਕੀ ਲਈ ਹੱਲਾਸ਼ੇਰੀ ਦਿੱਤੀ ਅਤੇ ਸੰਗੀਤ ਬਾਰੀਕੀਆਂ ਜਾਣਨ ਦੀ ਸਿੱਖਿਆ ਲਈ ਪ੍ਰੇਰਿਆ।

ਬਸ ਫਿਰ ਵਿਸ਼ਵਜੀਤ ਸੰਗੀਤਕਾਰ ਵਿਜੇ ਸ਼ਾਹ ਦੇ ਜਾ ਚਰਨੀਂ ਲੱਗਿਆ। ਈ ਟੀ ਟੀ ਕਰਦਿਆਂ ਇੰਟਰ ਡਾਇਟ



ਮੁਕਾਬਲਿਆਂ ਚ ਦੋ ਵਾਰ ਗੋਲਡ ਮੈਡਲ ਜਿੱਤ ਕੇ ਗਾਇਕੀ ਦੇ ਦੀਆਂ ਉਮੀਦਾਂ ਦੀ ਬੁੱਕਲ ਮਾਰ ਕੇ ਕੰਡਿਆਲੇ ਅਤੇ ਔਖਿਆਲੇ ਰਾਹਾਂ ਦਾ ਪਾਂਧੀ ਬਣ ਗਿਆ। ਗੁਰਬਤ ਅਤੇ ਸੰਘਰਸ਼ਸ਼ੀਲ ਜ਼ਿੰਦਗੀ ਨੇ ਪਰਪੱਕਤਾ ਅਤੇ ਅਡੋਲਤਾ ਨਾਲ ਮਜ਼ਬੂਤ ਜੋੜ ਬਣਾ ਦਿੱਤਾ।ਦੋਸਤਾਂ ਦੇ ਸਹਿਯੋਗ ਅਤੇ ਮਾਪਿਆਂ ਦੀ ਹੱਲਾਸ਼ੇਰੀ ਨੇ ਕਦੇ ਵੀ ਡੋਲਣ ਨਹੀਂ ਦਿੱਤਾ।ਯੁਵਕ ਸੇਵਾਵਾਂ ਪ੍ਰਤੀਯੋਗਤਾ ਮੁਕਾਬਲੇ ਚ ਪਹਿਲਾ ਸਥਾਨ ਜਿੱਤਿਆ ਅਤੇ ਇਲਾਕੇ ਦਾ ਮਾਣ ਵਧਾਇਆ।

ਪੰਜਾਬੀ ਗਾਇਕੀ ਦਾ ਮਾਣ ਗਾਇਕਾ ਗੁਰਲੇਜ਼ ਅਖਤਰ ਅਤੇ ਗਾਇਕਾ ਸੁਦੇਸ਼ ਕੁਮਾਰੀ ਨਾਲ ਦੋਗਾਣਿਆਂ ਦੀ ਪਹਿਲੀ ਐਲਬਮ "ਗੋਰੀਆਂ ਬਾਹਾਂ" ਨੇ ਉਸਨੂੰ ਗਾਇਕਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰ ਦਿੱਤਾ। ਬਸ ਫਿਰ ਚਲ ਸੋ ਚਲ ਵਿਸ਼ਵਜੀਤ ਨੇ ਪਿੱਛੇ ਮੁੜਕੇ ਨਹੀਂ ਦੇਖਿਆ।ਗੱਲਬਾਤ ਕਰਦਿਆਂ ਵਿਸ਼ਵਜੀਤ ਨੇ ਦੱਸਿਆ ਕਿ ਉਸਨੇ ਹਮੇਸ਼ਾ ਪਰਿਵਾਰਕ, ਸਮਾਜਿਕ ਅਤੇ ਸੱਭਿਆਚਾਰਕ ਗੀਤਾਂ ਨੂੰ ਪਹਿਲ ਦਿੱਤੀ ਹੈ, ਲੱਚਰਤਾ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਉਸਨੂੰ ਵਿਸ਼ਵਜੀਤ ਨਾਮ ਗੀਤਕਾਰ ਜਸਵੀਰ ਭੱਠਲ ਨੇ ਦਿੱਤਾ ਹੈ।ਫਿਰ ਉਸਨੇ ਗਾਇਕਾ ਰਜ਼ਨੀ ਸਾਗਰ ਨਾਲ ਗੀਤ ਤੇਰਾ ਮੇਰਾ ਪਿਆਰ, ਵੰਗਾਂ ਕੱ-ਚੀਆ, ਵਿਸਕੀ ਦੀ ਬੋਤਲ, ਇਸ਼ਕ, ਆਜਾ ਨੀਂਦਰੇ ਨੀ ਦੁੱਖ ਮੈਨੂੰ ਵੀ ਆਦਿ ਗਾਕੇ ਆਪਣੀ ਗਾਇਕੀ ਦਾ ਝੰਡਾ ਬੁਲੰਦ ਰੱਖਿਆ ਹੈ।

ਉਸਦੀ ਗਾਇਕੀ ਤੋਂ ਪ੍ਰਭਾਵਿਤ ਹੋਕੇ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਵੀ ਉਸਨੂੰ ਸਨਮਾਨਿਤ ਕੀਤਾ ਹੈ।ਉਸਦਾ ਕਹਿਣਾ ਹੈ ਕਿ ਦਲਜੀਤ ਸਿੰਘ ਮਾਜਰੀ ਇਟਲੀ ਵਾਲਿਆਂ ਨੇ ਉਸਨੂੰ ਬਹੁਤ ਸਹਿਯੋਗ ਦਿੱਤਾ ਹੈ।ਜਲਦੀ ਹੀ ਉਹ ਇੱਕ ਆਪਣੇ ਨਵੇਂ ਗੀਤ ਨਾਲ ਸਰੋਤਿਆਂ ਦੇ ਰੂਬਰੂ ਹੋਣ ਜਾ ਰਿਹਾ ਹੈ।



ਇੰਜੀ. ਸਤਨਾਮ ਸਿੰਘ ਮੱਟੂ
91-97797-08257



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop